ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-23 ਨੰਬਰ-41

15 ਤੋਂ 21 ਮਾਘ 2072 - 28 Jan to 3 Feb. 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 200

## ਅੰਮ੍ਰਿਤ ਬਚਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

### ਸੁਖ ਪ੍ਰਾਪਤ ਹੋਊਗਾ



ਸਤਿਗੁਰਾਂ ਨੇ ਤੁਹਾਨੂੰ ਦੋਨੋਂ ਦਾਨ ਦਿੱਤੇ ਨੇ। ਤੁਹਾਨੂੰ ਧਨ ਵੀ ਦਿੱਤਾ ਹੈ, ਨਾਮ ਵੀ ਦਿੱਤਾ ਹੈ। ਜੇ ਨਾਮ ਜਪਦੇ ਰਹੋਗੇ, ਸੁਖ ਪ੍ਰਾਪਤ ਹੋਊਗਾ। ਜੇ ਧਨ ਵਿੱਚ ਭੁੱਲ ਜਾਓਗੇ ਨਾਮ ਨੂੰ, ਫੇਰ ਇਹ ਰਹਿਣ ਵਾਲੀ ਚੀਜ਼ ਨਹੀਂ।



ਦਿੱਲੀ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪਣੇ ਆਸਣ ਤੇ ਸੁਭਾਇਮਾਨ ਹਜ਼ੂਰੀ ਵਿੱਚ ਰਾਗੀ ਸੁਖਦੇਵ ਸਿੰਘ ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕਰਦੇ ਹੋਏ-2 ਜਨਵਰੀ 2016

## ਸ੍ਰੀ ਸਤਿਗੁਰੂ ਜੀ ਦੇ ਦਿੱਲੀ ਵਿਖੇ ਦਰਸ਼ਨ

**ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ**
**ਖੋਲਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ**

ਆਦਿ ਕਾਲ ਤੋਂ ਹੀ ਗੁਰੂ ਸਿੱਖ ਦਾ ਰਿਸ਼ਤਾ ਐਸਾ ਹੈ ਕਿ ਸਿੱਖ ਸਦਾ ਗਰੂ ਦੇ ਦਰਸ਼ਨਾਂ ਦਾ ਪਿਆਸਾ ਰਹਿੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਰੂਪ ਹੋਏ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਨਾਮਧਾਰੀ ਸੰਗਤ ਦੀ ਅਗਵਾਈ ਕਰਦਿਆਂ ਸੰਗਤਾਂ ਨੂੰ ਬਖਸ਼ਿਆ ਪਿਆਰ ਅਤੇ ਅਪਨਤ ਕਾਰਨ ਹਰ ਦਿਲ ਦੀ ਪੁਕਾਰ ਰਹਿੰਦੀ ਹੈ ਕਿ ਛੇਤੀ ਤੋਂ ਛੇਤੀ ਪਾਤਸ਼ਾਹ ਜੀ ਦੇ ਦਰਸ਼ਨ ਹੋਣ। ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ 20-25 ਦਿਨਾਂ ਮਗਰੋਂ ਦਿੱਲੀ ਦਰਸ਼ਨ ਦਿੰਦੇ ਹੀ ਹਨ ਅਤੇ ਜੇ ਕਿਤੇ ਇਹ ਅੰਤਰਾਲ ਮਹੀਨੇ ਤੋਂ ਵਧ ਹੋ ਜਾਵੇ ਸੰਗਤਾਂ ਇਕ ਦੂਜੇ ਨੂੰ ਪੁਛਣ ਲੱਗ ਪੈਂਦੀਆਂ ਹਨ ਕਿ ਹੁਣ ਸਤਿਗੁਰੂ ਜੀ ਦਰਸ਼ਨ ਕਦੋ ਦੇਣਗੇ।

ਸੰਗਤਾਂ ਦੇ ਦਿਲ ਦੀਆਂ ਰਮਜਾਂ ਜਾਣਨਹਾਰ ਸਤਿਗੁਰੂ ਉਦੈ ਸਿੰਘ ਜੀ ਨੇ ਨਵੇਂ ਚੜ੍ਹੇ ਸਾਲ 2016 ਈਸਵੀ ਦੀ ਪਹਿਲੀ ਤਾਰੀਕ ਨੂੰ ਦਿੱਲੀ ਵਿਖੇ ਦਰਸ਼ਨ ਦੇ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸ਼ਾਮ ਦੇ ਦਿਵਾਨ ਸਜੇ। ਅਗਲੇ ਦਿਨ 2 ਜਨਵਰੀ ਨੂੰ ਆਸਾ ਦੀ ਵਾਰ ਦੇ ਕੀਰਤਨ ਹੋਏ ਨਾਲ ਜਗਿਆਸੂਆਂ ਦੇ ਘਰਾਂ ਵਿਚ ਚਰਨ ਪਾਏ।

1 ਜਨਵਰੀ 2016 ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਮਾਨਸਰੋਵਰ ਗਾਰਡਨ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਿਖਾਂ ਸੇਵਕਾਂ ਅਤੇ ਬੀਬੀ ਗੁਰਸ਼ਰਨ ਕੌਰ ਸਹਿਤ ਤਕਰੀਬਨ 1 ਵਜੇ ਦਰਸ਼ਨ ਦਿੱਤੇ। ਜਿਥੇ ਚਲ ਰਹੇ ਪ੍ਰੋਗਰਾਮ 'ਚ ਮ੍ਰਿਤਕ ਸਰੀਰਾਂ ਨਮਿਤ ਭੋਗ ਪਾਏ ਜਾਣੇ ਸੀ। (ਬਾਕੀ ਸਫਾ 6 'ਤੇ)

## ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ ਮਾਘੀ ਮੁਕਤਸਰ ਸਾਹਿਬ

ਪੰਜਾਬ ਦੇ ਮਾਲਵੇ ਇਲਾਕੇ ਦੀ ਉਹ ਧਰਤੀ ਜਿਸ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਚਰਨ ਛੋਹ ਬਖਸ਼ਕੇ, ਸਮੇਂ ਦੇ ਮਾਲਕ ਸਤਿਗੁਰੂ ਤੋ ਬੇਮੁਖ ਹੋਏ, ਬੇਦਾਵਾ ਲਿਖ ਕੇ ਘਰੀਂ ਪਰਤੇ ਸਿਖਾਂ ਨੂੰ ਫਿਰ ਟੁਟੀ ਹੋਈ ਗੰਢ ਦੇ ਹੋਏ ਬੇਦਾਵੇ ਦਾ ਕਾਗਜ ਪਾੜ ਕੇ ਬਖਸ਼ਬੰਦੀ ਕੀਤੀ ਅਤੇ ਮੁਕਤੀ ਦਾ ਦਾਨ ਬਖਸ਼ਿਆ। ਉਹ ਚਾਲੀ ਮੁਕਤੇ ਜਿਹਨਾਂ ਨੂੰ ਸਮੁੱਚਾ ਸਿੱਖ ਪੰਥ ਹਰ ਰੋਜ਼ ਆਪਣੀ ਅਰਦਾਸ ਵਿਚ ਚਾਲੀ ਮੁਕਤਿਆਂ ਦੇ ਨਾਮ ਨਾਲ ਯਾਦ ਕਰਦਾ ਹੈ।

ਚਾਲੀ ਮੁਕਤਿਆਂ ਦੀ ਯਾਦ ਵਿਚ ਇਲਾਕਾ ਨਿਵਾਸੀ ਸਾਧ ਸੰਗਤ ਨੇ ਅਰਜ਼ ਕਰਕੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਆਗਿਆ ਅਨੁਸਾਰ ਨਾਮਧਾਰੀ ਧਰਮਸ਼ਾਲਾ ਮੁਕਤਸਰ ਵਿਖੇ ਮੇਲੇ ਦਾ ਪ੍ਰੋਗਰਾਮ ਉਲੀਕਿਆ। ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਮਿਤੀ 13 ਜਨਵਰੀ ਦਿਨ ਬੁੱਧਵਾਰ ਦੁਪਹਿਰ 2 ਵਜੇ ਚੱਲਕੇ ਵਾਇਆ ਬਾਜਾਖਾਨਾ, ਕੋਟਕਪੂਰਾ ਹੁੰਦੇ ਹੋਏ ਸ਼ਾਮ 5.30 ਵਜੇ ਤੇ ਨਾਮਧਾਰੀ ਧਰਮਸ਼ਾਲਾ ਮੁਕਤਸਰ ਆਣ ਦਰਸ਼ਨ ਦਿੱਤੇ। ਇਲਾਕੇ ਦੇ ਪਤਵੰਤੇ ਸੱਜਣ ਸੂਬਾ ਜਗੀਰ ਸਿੰਘ, ਸੂਬਾ ਸਰਬਜੀਤ ਸਿੰਘ ਜੰਡਵਾਲਾ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸੁਆਗਤ ਕੀਤਾ ਗਿਆ। ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਦਿਵਾਨ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇਦਾਰ ਪ੍ਰੀਤਮ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਚਾਲੀ ਮੁਕਤਿਆਂ ਦਾ ਇਤਿਹਾਸ ਸੁਣਾ ਰਹੇ ਸਨ। ਦਿਵਾਨ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਮੁਕਤਸਰ ਸ਼ਹਿਰ ਵਿਚ ਸ. ਲਖਵਿੰਦਰ ਸਿੰਘ ਮਾਸਟਰ ਦੇ ਘਰ ਚਰਨ ਪਾਉਣ ਤੋਂ ਬਾਅਦ ਇਥੇ ਹੀ ਸ. ਗੁਰਤੇਜ ਸਿੰਘ ਪੁੱਤਰ ਸੰਤ ਕਰਮ ਸਿੰਘ ਦੂਹੇਵਾਲ ਦੇ ਘਰ ਚਰਨ ਪਾਉਣ ਉਪਰੰਤ ਜਲਪਾਣੀ ਛਕਿਆ ਅਤੇ ਵਾਪਸ ਧਰਮਸ਼ਾਲਾ ਆਣ ਰਾਤ ਵਿਸ਼ਰਾਮ ਕੀਤਾ।

14 ਜਨਵਰੀ ਦਿਨ ਵੀਰਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀ ਸੁਰਮੁਖ ਸਿੰਘ, ਸ਼ਾਮ ਸਿੰਘ ਅਤੇ ਗੁਰਲਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤਾ। ਅੱਜ ਮਾਘੀ ਪੁਰਬ ਸੀ ਆਸਾ ਦੀ ਵਾਰ ਦੀ ਸਮਾਪਤੀ ਤੇ ਬਸੰਤ ਦੀ ਵਾਰ ਰਾਗੀ ਸਿੰਘਾਂ ਵਲੋਂ ਗਾਇਨ ਕੀਤੀ ਗਈ। ਪਵਿੱਤਰ ਗੁਰਬਾਣੀ ਦੇ 3 ਸਧਾਰਨ ਪਾਠਾਂ ਦੇ ਭੋਗ ਪਾਏ ਗਏ ਅਤੇ ਮੇਲੇ ਦੀ ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਵਲੋਂ ਕੀਤੀ ਗਈ।

(ਬਾਕੀ ਸਫਾ 7 'ਤੇ)

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਬੋਲ ਕੁਬੋਲ ਸਹਿ ਜਾਣਾ ਸਭ ਦਾ

ਸਤਿਗੁਰੂ ਰਾਮ ਸਿੰਘ ਜੀ ਨੇ ਰਹਿਨਾਮੇ ਵਿਚ ਲਿਖਿਆ ਹੈ, "ਬੋਲ ਕੁਬੋਲ ਸਹਿ ਜਾਣਾ ਸਭ ਦਾ" ਅਤੇ ਰਹਿਤਮਨਾਮੇ ਵਿਚ ਰਹਿਤ ਦੱਸੀ ਹੈ, ਇਸ਼ਨਾਨ ਪਾਣੀ ਕਰਕੇ ਬਾਣੀ ਪੜ੍ਹਨ ਦੀ, ਨਿਤਨੇਮ ਕਰਨ ਦੀ, ਹਵਨ ਕਰਨ ਦੀ, ਸਮਾਜਕ ਸਾਂਝ ਰੱਖਣ ਦੀ ਤੇ ਮਿੱਤਰ ਵੈਰੀ ਨਾਲ ਵਿਹਾਰ ਸਹੀ ਰੱਖ ਕੇ ਸਦਾਚਾਰ ਉੱਚਾ ਸੁੱਚਾ ਰੱਖਣ ਦੀ। ਗੁਰੂ ਦੇ ਸਿੱਖ ਕਿਸੇ ਨੂੰ ਵੈਰੀ ਨਹੀਂ ਸਮਝਦੇ ਸਗੋਂ ਜੇ ਕੋਈ ਉਹਨਾਂ ਪ੍ਰਤੀ ਵੈਰ ਭਾਵ ਰਖਦਾ ਹੈ ਤਾਂ ਉਸ ਪ੍ਰਤੀ ਵੀ ਸਿੱਖਾਂ ਦਾ ਰਵੱਈਆ ਕੈਸਾ ਹੋਵੇ, ਦਾ ਉੱਤਰ ਬੋਲ ਕੁਬੋਲ ਸਹਿਣ ਵਿਚ ਹੈ।

ਬੋਲ ਕੁਬੋਲ ਸ਼ੁਭ ਬਚਨ ਨਹੀਂ ਹੁੰਦੇ। ਇਹ ਤਾਂ ਅਸ਼ੁਭ ਬਚਨ ਹੁੰਦੇ ਹਨ। ਇਹ ਹਿਰਦੇ ਵੇਦਕ ਹੁੰਦੇ ਹਨ। ਬੋਲ ਕੁਬੋਲ ਬੋਲਣ ਵਾਲਾ ਮੰਦਾ ਬੋਲਦਾ ਹੈ ਤੇ ਨੁਕਸ ਕਢਦਾ ਹੈ। ਉਸਦੇ ਦੁਰਬਚਨ ਸੂਲਾਂ ਵਾਂਗ ਚੁਭਣ ਵਾਲੇ ਹੁੰਦੇ ਹਨ। ਬਸ ਇਹ ਸਮਝਿਆ ਜਾਏ ਕਿ ਦੂਸਰੇ ਦਾ ਦਿਲ ਦੁਖਾਉਣ ਲਈ, ਉਹ ਜਾਣ ਕੇ, ਉਚੇਚੇ ਤੌਰ ਤੇ ਅਪਸ਼ਬਦ ਕਹਿੰਦਾ ਹੈ।

ਬੋਲ ਕੁਬੋਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜਿਵੇਂ ਵੀ ਬੋਲੇ ਜਾਂਦੇ ਹਨ ਉਹਨਾਂ ਰਾਹੀਂ, ਜਿਸ ਪ੍ਰਤੀ ਬੋਲੇ ਜਾਂਦੇ ਹਨ ਉਸ ਨੂੰ ਹੀ ਨਹੀਂ, ਉਸਦੀ ਧੀ-ਭੈਣ, ਬਾਲ-ਬੱਚੇ, ਕੁੱਲ ਜਾਂ ਖਾਨਦਾਨ ਨੂੰ ਵੀ ਭੈੜਾ ਆਖਿਆ ਜਾਂਦਾ ਹੈ। ਜਿਸ ਧਰਮ ਜਾਂ ਸੰਸਥਾ ਨਾਲ ਉਹ ਜੁੜਿਆ ਹੈ ਬੋਲ ਕੁਬੋਲ ਕਰਨ ਵਾਲਾ ਉਸ ਸੰਸਥਾ, ਉਸਦੇ ਆਗੂ, ਗੁਰੂ-ਪੀਰ ਪ੍ਰਤੀ ਵੀ ਅਪਸ਼ਬਦ ਵਰਤਦਾ ਹੈ। ਭਾਵੇਂ ਉਸ ਨਾਲ ਉਸਦਾ ਵਾਸਤਾ ਕੋਈ ਨਾ ਹੋਵੇ। ਫਿਰ ਵੀ ਉਸ ਨੂੰ ਊਜਾਂ ਲਾਉਂਦਾ ਹੈ। ਉਸ ਵੱਲ ਉਂਗਲ ਕਰਦਾ ਹੈ, ਉਸਦੇ ਨੁਕਸ ਕੱਢਦਾ ਹੈ, ਉਸਨੂੰ ਮਾੜਾ ਭੈੜਾਂ ਕਹਿੰਦਾ ਹੈ।

ਬੋਲ ਕੁਬੋਲ ਸੁਣਨ ਵਾਲਾ ਆਮ ਤੌਰ ਤੇ ਦੁੱਖੀ ਹੁੰਦਾ ਹੈ, ਔਖਾ ਹੁੰਦਾ ਹੈ, ਉਸ ਦਾ ਤਨ ਮਨ ਵਿਨ੍ਹਿਆ ਜਾਂਦਾ ਹੈ। ਅੰਦਰ ਬੇਚੈਨੀ ਹੁੰਦੀ ਹੈ। ਬੇਇਜ਼ਤ ਮਹਿਸੂਸ ਕਰਦਾ ਹੈ। ਕੁਝ ਕਰ ਬੈਠਦਾ ਹੈ। ਉਹ ਬੋਲ ਕੁਬੋਲ ਬੋਲਣ ਵਾਲੇ ਨਾਲ ਲੜਾਈ ਝਗੜਾ ਕਰਦਾ ਹੈ। ਕਈ ਵਾਰ ਡਾਂਗ ਸੋਟਾ ਚਲਦਾ ਹੈ। ਜਾਨੀ ਨੁਕਸਾਨ ਹੁੰਦਾ ਹੈ। ਮਾਲੀ ਤਾਂ ਹੋਣਾ ਹੀ ਹੁੰਦਾ ਹੈ। ਫਿਰ ਇਹ ਗੱਲ ਇਥੇ ਹੀ ਨਹੀਂ ਮੁਕਦੀ ਕਈ ਹਾਲਤਾਂ ਵਿਚ ਲੜਾਈ ਪੀੜ੍ਹੀ-ਦਰ-ਪੀੜ੍ਹੀ ਅਗੇ ਚਲਦੀ ਜਾਂਦੀ ਹੈ। ਦੁਸ਼ਮਣੀ ਘਰ ਕਰ ਜਾਂਦੀ ਹੈ। ਜੇ ਕੋਈ ਚੁੱਪ ਕਰਕੇ ਬਹਿਣਾ ਵੀ ਚਾਹੇ ਤਾਂ ਬੋਲੀ ਮਾਰਨ ਵਾਲੇ ਫਿਰ ਭੁਬਲ ਦੀ ਅੱਗ ਭਖਾ ਦਿੰਦੇ ਹਨ। ਖਾਨਦਾਨੀ ਦੁਸ਼ਮਣੀ ਫਿਰ ਨਵਾਂ ਰੂਪ ਧਾਰਦੀ ਹੈ ਅਤੇ ਅਣਸੋਚਿਆ ਨੁਕਸਾਨ ਹੁੰਦਾ ਹੈ।

ਕੋਈ ਕਮਜ਼ੋਰ ਬੰਦਾ ਬੋਲ ਕੁਬੋਲ ਤੋਂ ਦੁਖੀ ਹੁੰਦਾ ਹੈ, ਉਸ ਦੇ ਅੰਦਰ ਦੀ ਸ਼ਾਂਤੀ ਭੰਗ ਹੋ ਜਾਂਦੀ ਹੈ। ਉਹ ਸੜਦਾ ਕਰਿਝਦਾ ਰਹਿੰਦਾ ਹੈ। ਆਪਣੀ ਕਮੀ ਕਮਜ਼ੋਰੀ ਤੇ ਝੂਰਦਾ ਰਹਿੰਦਾ ਹੈ। ਪ੍ਰੇਸ਼ਾਨੀ ਉਸ ਦਾ ਪਿੱਛਾ ਨਹੀਂ ਛੱਡਦੀ। ਉਹ ਆਪਣਾ ਗੁੱਸਾ ਆਪਣੇ ਤੋਂ ਮਾੜੇ ਤੇ ਕੱਢਦਾ ਹੈ। ਮਾੜਿਆਂ ਵਿਚੋਂ ਮਾੜੇ ਛੋਟੇ, ਪਤਨੀ ਜਾਂ ਬਚੇ ਹੀ ਹੋ ਸਕਦੇ ਹਨ। ਇਸ ਦੇ ਨਤੀਜੇ ਵਜੋਂ ਘਰ ਦਾ ਅਮਨ ਚੈਨ ਕਾਫੂਰ ਹੋ ਜਾਂਦਾ ਹੈ।

ਜਾਂ ਫਿਰ ਆਪਣੇ ਆਪ ਤੇ ਹੀ ਭਾਰ ਪੈਂਦਾ ਹੈ। ਕਮਜ਼ੋਰ ਦੁੱਖੀ ਬੰਦਾ ਫਿਸ ਪੈਂਦਾ ਹੈ, ਰੌਂਦਾ ਹੈ, ਕੁਰਲਾਉਂਦਾ ਹੈ, ਟੱਕਰਾਂ ਮਾਰਦਾ ਹੈ ਤੇ ਪ੍ਰੇਸ਼ਾਨ ਹੋਇਆ ਸਮਝ ਨਹੀਂ ਸਕਦਾ ਕਿ ਉਸ ਨੇ ਤਾਂ ਕਿਸੇ ਦਾ ਕੁੱਝ ਨਹੀਂ ਵਿਗਾੜਿਆ ਫਿਰ ਵੀ ਉਸ ਪ੍ਰਤੀ ਬੋਲ ਕੁਬੋਲ ਕਿਉਂ ਬੋਲਿਆ ਜਾਂਦਾ ਹੈ। ਉਸ ਨੂੰ ਚੋਭਾ ਕਿਉਂ ਲਗਾਈਆਂ ਜਾਂਦੀਆਂ ਹਨ।

ਬੋਲ ਕੁਬੋਲ ਕਰਨ ਵਾਲੇ ਨੂੰ ਬਿਨਾਂ ਗੱਲੇ ਦੂਜੇ ਦਾ ਵਿਹਾਰ ਬੁਰਾ ਲੱਗਦਾ ਹੈ, ਅਨੁਚਿਤ ਲੱਗਦਾ ਹੈ। ਉਹ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ। ਭਾਵੇਂ ਉਸ ਨੂੰ ਦੂਜੇ ਦੇ ਚੰਗੇ ਵਿਹਾਰ ਦੀ ਸਮਝ ਤਾਂ ਹੁੰਦੀ ਨਹੀਂ ਫਿਰ ਵੀ ਉਹ ਜ਼ਬਾਨ ਮੂੰਹ ਵਿਚ ਨਹੀਂ ਪਾਉਂਦਾ, ਜਿਵੇਂ ਬੋਲ ਕੁਬੋਲ ਕਰਨ ਵਾਲਾ ਸੂਰਜ ਗ੍ਰਹਿਣ ਸਮੇਂ ਉਡਦਾ ਪੰਛੀ ਹੋਵੇ, ਬੇ-ਸਮਝ ਅਗਿਆਨੀ। ਜਦੋਂ ਸੂਰਜ ਗ੍ਰਹਿਣ ਲੱਗਦਾ ਹੈ ਤਾਂ ਸੂਰਜ ਤੇ ਧਰਤੀ ਵਿਚ ਚੰਦਰਮਾ ਆਉਣ ਨਾਲ ਪ੍ਰਿਥਵੀ ਉਤੇ ਸੂਰਜ ਦਾ ਪ੍ਰਕਾਸ਼ ਬਿਲੁਕਲ ਨਹੀਂ ਪੈਂਦਾ। ਪੂਰਨ ਸੂਰਜ ਗ੍ਰਹਿਣ ਤੋਂ ਪਹਿਲਾਂ ਸੂਰਜ ਦੇ ਰੋਸ਼ਨ ਹੋਣ ਸਮੇਂ ਆਲ੍ਹਣਿਆਂ ਤੋਂ ਪੰਛੀ ਬਾਹਰ ਉਡ ਜਾਂਦੇ ਹਨ। ਪਰ ਗ੍ਰਹਿਣ ਕਾਰਨ ਛੇਤੀਂ ਹਨੇਰਾ ਹੋਣ ਲਗਦਾ ਹੈ। ਸੋ ਉਹ ਬੇਚੈਨ ਹੋ ਜਾਂਦੇ ਹਨ ਤੇ ਆਲ੍ਹਣਿਆਂ ਨੂੰ ਮੁੜਨ ਲੱਗਦੇ ਹਨ। ਬੋਲ ਕੁਬੋਲ ਕਰਨ ਵਾਲਾ ਐਸੇ ਪੰਛੀਆਂ ਵਾਂਗ ਗ੍ਰਹਿਣੀ ਬੁੱਧੀ ਕਾਰਨ ਭਜਨ ਬੰਦਗੀ ਕਰਨ ਵਾਲੇ ਨੂੰ ਵੀ ਗੱਲਾਂ ਕਰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੂੰ ਵੀ ਬੋਲ ਕੁਬੋਲ ਕਰਨ ਵਾਲਿਆਂ ਦੀਆਂ ਗੱਲਾਂ ਸੁਣਨੀਆਂ ਪਈਆਂ। ਆਪ ਨੇ ਮਾਰੂ ਰਾਗ ਵਿਚ ਲਿਖਿਆ ਹੈ :

***ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।।***  
***ਕੋਈ ਆਖੈ ਆਦਮੀ ਨਾਨਕੁ ਵੇਚਾਰਾ।। (ਮਹਲਾ 1)***

ਪਰ ਅਸਲੀ ਸਥਿਤੀ ਇਹ ਸੀ :

***ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ।।***  
***ਹਉ ਹਰਿ ਬਿਨੁ ਅਵਰੁ ਨਾ ਜਾਣਾ।। (ਮਹਲਾ 1)***

ਇਹ ਦਾ ਕਾਰਨ ਵੀ ਸਪਸ਼ਟ ਹੈ :

***ਭਗਤਾ ਤੈ ਸੰਸਾਰੀਆ ਜੋੜੁ ਕਦੇ ਨਾ ਆਇਆ।। (ਗੁਰੂ ਨਾਨਕ)***

ਸੰਸਾਰੀ ਭਗਤਾਂ ਪ੍ਰਤੀ ਬੋਲ ਕੁਬੋਲ ਬੋਲਦੇ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਨਸ਼ਿਆਂ ਪੱਤਿਆਂ ਵਿਚ ਲਗੇ ਲੋਕਾਂ ਦਾ ਨਸ਼ੇ ਛੱਡਣ ਲਈ ਮਨੋਬਲ ਵਧਾਇਆ। ਉਹਨਾਂ ਦਾ ਸਦਾਚਾਰ ਉਚਾ ਕੀਤਾ। ਉਹਨਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਉਹਨਾਂ ਅੰਦਰ ਪ੍ਰਭੂ ਭਗਤੀ ਦੇ ਨਾਲ ਦੇਸ਼ ਭਗਤੀ ਉਜਾਗਰ ਕੀਤੀ। ਜਿਸ ਦੇ ਸਿੱਟੇ ਵਜੋਂ ਲੱਖਾਂ ਲੋਕ ਉਹਨਾਂ ਦੇ ਝੰਡੇ ਹੇਠ ਆ ਕੇ ਪ੍ਰਸ਼ੂ ਪ੍ਰੇਤਾਂ ਦਾ ਜੀਵਨ ਛੱਡ ਕੇ ਦੇਵਤਿਆਂ ਵਰਗਾ ਜਿਊਣ ਲੱਗੇ। ਉਹ ਸੰਤ ਬਣ ਗਏ। ਆਮ ਸਮਝ ਵਾਲੇ ਜਾਂ ਈਰਖਾਲੂ ਉਹਨਾਂ ਨੂੰ ਗੱਲਾਂ ਕਰਨ ਲੱਗੇ।

ਇਹ ਖਦਸ਼ਾ ਸੀ ਕਿ ਜੇ ਭਜਨ ਬੰਦਗੀ ਵੱਲ ਲੱਗੇ ਵਿਅਕਤੀ ਲੋਕਾਂ ਦੀਆਂ ਗਲਾਂ ਸੁਣ ਕੇ, ਉਹਨਾਂ ਦਾ ਬੋਲ ਕੁਬੋਲ ਸੁਣ ਕੇ, ਵਿਚਲਿਤ ਹੋ ਗਏ ਤਾਂ ਭਜਨੀਕ ਆਪਣੇ ਮਾਰਗ ਤੋਂ ਭਟਕ ਜਾਣਗੇ। ਉਹ ਖੁਦ ਬੋਲ ਕੁਬੋਲ ਕਹਿਣ ਲੱਗ ਜਾਣਗੇ। ਇਸ ਨਾਲ ਉਹਨਾਂ ਦੀ ਸਾਤਵਿਕ ਬਿਰਤੀ ਪ੍ਰਭਾਵਿਤ ਹੋਵੇਗੀ, ਉਹਨਾਂ ਦੀ ਇਕਾਗਰਤਾ ਭੰਗ ਹੋਵੇਗੀ। ਉਹ ਕਈ ਕਮੀਆਂ ਕਮਜ਼ੋਰੀਆਂ ਦਾ ਸਾਹਮਣਾ ਕਰਨ ਦੀ ਥਾਂ ਉਹਨਾਂ ਦਾ ਸ਼ਿਕਾਰ ਹੋ ਜਾਣਗੇ।

ਸਤਿਗੁਰੂ ਸਿਖਾਂ ਨੂੰ ਮੰਦੇ ਕਰਮ ਕਰਨੋ, ਮੰਦੇ ਪਾਸੇ ਜਾਣੋ, ਮੰਦੀ ਸੰਗਤ ਕਰਨੋ, ਮੰਦਾ ਖਾਣੋ ਪੀਣੋ ਵਰਜਦਾ ਹੈ ਤਾਂਕਿ ਉਸ ਦਾ ਸਿਖ ਆਪਣੇ ਸਹੀ ਮਾਰਗ ਤੋਂ ਭਟਕੇ ਨਾ। ਸਤਿਗੁਰੂ ਰਾਮ ਸਿੰਘ ਜੀ ਨੇ ਇਹੀ ਕੀਤਾ। ਆਪਣੇ ਰਹਿਤਨਾਮੇ ਵਿਚ ਲਿਖ ਕੇ ਭੇਜਿਆ ਕਿ 'ਬੋਲ ਕੁਬੋਲ ਸਹਿ ਜਾਣਾ ਸਭ ਦਾ।'

ਰਹਿਤ ਵਿਚ ਬੋਲ ਕੁਬੋਲ ਸਹਿ ਜਾਣ ਨੂੰ ਸ਼ਾਮਿਲ ਕਰਨ ਦਾ ਮਤਲਬ, ਪਰਚਾ ਸ਼ਹਨਸ਼ੀਲਤਾ ਦਾ। ਜਦ ਸ਼ਹਿਨਸ਼ੀਲਤਾਂ ਆ ਜਾਂਦੀ ਹੈ ਤਾਂ ਵਿੱਥਾਂ ਹੱਦਬੰਦੀਆਂ ਮਿਟ ਜਾਂਦੀਆਂ ਹਨ, ਕੋਈ ਬੇਗਾਨਾ ਨਹੀਂ ਰਹਿੰਦਾ। ਬੋਲ ਕੁਬੋਲ ਕਰਨ ਵਾਲੇ ਨੂੰ ਉਤਰ ਵਿਚ ਜੇ ਕੁੱਝ ਕਿਹਾ ਹੀ ਨਹੀਂ ਜਾਣਾ ਤਾਂ ਉਸ ਨੇ ਸ਼ਰਮਿੰਦਾ ਹੋਣਾ ਹੈ। ਉਂਜ ਸਹਿਣ ਕਰਨਾ ਬਹੁਤ ਉਚੀ ਅਵਸਥਾ ਦੀ ਗੱਲ ਹੈ।

ਇਕ ਘਟਨਾ ਹੈ ਮਹਾਤਮਾ ਬੁੱਧ ਨਾਲ ਸੰਬੰਧਿਤ। ਮਹਾਤਮਾ ਬੁੱਧ ਨੂੰ ਕਿਸੇ ਮੰਦਾ ਫਿਕਾ ਬੋਲਿਆ। ਉਹ ਚੁੱਪ ਕਰ ਰਹੇ। ਇਸ ਦਾ ਕਾਰਨ ਪੁਛਿਆ ਗਿਆ ਤਾਂ ਉਹਨਾਂ ਕਿਹਾ ਕਿਸੇ ਕੋਲੋਂ ਖੈਰ ਮੰਗਣ ਜਾਈਏ, ਜੇ ਖੈਰ ਮੰਗਣ ਵਾਲਾ ਭਿਛਿਆ ਝੋਲੀ ਨਹੀਂ ਪੁਆਉਂਦਾ ਤਾਂ ਉਹ ਭਿੱਛਿਆ ਮੰਗਣ, ਵਾਲੇ ਕੋਲ ਰਹੀ ਨਾ। ਏਸੇ ਤਰ੍ਹਾਂ ਮੰਦਾ ਫਿਕਾ ਬੋਲਿਆ ਉਸ ਕੋਲ ਹੀ ਰਿਹਾ। ਭਾਵੇਂ ਇਸ ਦਲੀਲ ਨਾਲ ਮੰਦਾ ਬੋਲਣ ਵਾਲੇ ਨੂੰ ਸਮਝ ਆ ਗਈ। ਉਸ ਪਸ਼ਚਾਤਾਪ ਕੀਤਾ। ਪਰ ਨਰਮ ਸ਼ਬਦਾਂ ਵਿਚ ਹੀ ਸਹੀ, ਇਸ ਵਿਚ ਮੰਦਾ ਬੋਲਣ ਵਾਲੇ ਪ੍ਰਤੀ ਪ੍ਰਗਟ ਕੀਤਾ ਪ੍ਰਤੀਕਰਮ ਤਾਂ ਹੈ। ਸਹਿ ਜਾਣਾ ਇਸ ਤੋਂ ਉਚੀ ਅਵਸਥਾ ਹੈ।

ਬੋਲ ਕੁਬੋਲ ਸਹਿਣ ਦੀ ਅਵਸਥਾ ਔਖੀ ਬਣਦੀ ਹੈ। ਪਰ ਸੁਖ ਵੀ ਤਾਂ ਉਚਾਈਆਂ ਨੂੰ ਛੂਹਣ ਵਿਚ ਹੈ। ਨਾਮਧਾਰੀ ਸਿਖਾਂ ਵਿਚ ਸਤਿਗੁਰੁ ਰਾਮ ਸਿੰਘ ਜੀ ਦੇ ਸਮੇਂ ਤੋਂ ਉਚੀ ਅਸਵਥਾ ਵਾਲੇ ਭਜਨੀਕ ਸੰਤ ਹੋਏ ਹਨ। ਉਹਨਾਂ ਤਪ ਤੇਜ ਵਾਲੇ ਸੰਤਾਂ ਅੰਦਰ ਸ਼ਹਿਨਸ਼ੀਲਤਾ, ਸੁਹਿਰਦਤਾ, ਨਿਮਰਤਾ, ਮਿੱਠਤ ਰਹੀ ਹੈ। ਉਹਨਾਂ ਪੰਜਾਂ ਸੂਰਬੀਰਾਂ ਨੂੰ ਵੀ ਮਾਰਿਆ ਹੈ। ਸਤਿਗੁਰ ਦੇ ਚਰਨਾਂ ਉਤੇ ਭਰੋਸਾ ਰਖਿਆ ਹੈ। ਬੁਰੇ ਦਾ ਭਲਾ ਕੀਤਾ ਹੈ, ਗੁੱਸਾ ਨਹੀਂ ਹੰਢਾਇਆ। ਉਹਨਾਂ ਗਵਾਇਆ ਕੁਝ ਵੀ ਨਹੀਂ ਖੱਟਿਆ ਕਮਾਇਆ ਹੈ। ਉਹਨਾਂ ਕਿਸੇ ਦੇ ਬੋਲ ਕੁਬੋਲ ਦਾ ਗੁੱਸਾ ਨਹੀਂ ਕੀਤਾ, ਖਿਮਾ ਕੀਤਾ ਹੈ।

ਅੱਜ ਵੀ ਐਸੇ ਸਿੱਖ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਹੋਇਆ ਹੈ ਕਿ ਰਹਿਤਨਾਮੇ ਦਾ ਨਿਤ-ਪ੍ਰਤੀ ਪਾਠ ਕਰਨਾ ਹੈ। ਇਸੇ ਨਾਲ ਸ਼ਬਦਾਂ ਦੇ ਅਰਥ ਸਮਝ ਵਿਚ ਆਉਣਗੇ। ਫਿਰ ਹੁਕਮ ਮੰਨਣ ਦੀ ਪੌੜੀ ਚੜ੍ਹ ਕੇ, ਬੋਲ ਕੁਬੋਲ ਸਹਿ ਕੇ, ਸੁਖ ਵੰਡ ਸਕੀਦਾ ਹੈ, ਸੁਖ ਵਿਹਾਜ ਸਕੀਦਾ ਹੈ, ਲੜਾਈ ਝਗੜੇ ਮੁਕਾ ਸਕੀਦੇ ਹਨ, ਸਭ ਝਗੜੇ ਝਾਂਜੇ ਛੁੱਟ ਜਾਂਦੇ ਹਨ। ਇਸ ਦੇ ਨਤੀਜੇ ਵਜੋਂ ਸਭ ਆਪਣੇ ਮੀਤ ਹੋਣਗੇ, ਸਾਰਾ ਸੰਸਾਰ ਚੰਗਾ ਚੰਗਾ, ਪਿਆਰਾ ਪਿਆਰਾ ਲੱਗੇਗਾ। ਇਸ ਸਮੇਂ ਸਿਮਰਨ ਕਰਨ ਸਮੇਂ ਬਿਰਤੀ ਟਿਕੇਗੀ, ਕਿਉਂਕਿ ਕੋਈ ਵਿਚਾਰ ਇਸ ਨੂੰ ਡੁਲਾਉਣ ਵਾਲਾ ਨਹੀਂ ਹੋਵੇਗਾ। ਆਪੇ ਅਵਸਥਾ ਇਕ ਚਿੱਤ ਹੋਕੇ ਧਿਆਉਣ ਵਾਲੀ ਬਣੀ ਰਹੇਗੀ। ਇਸ ਅਵਸਥਾ ਲਈ ਸਤਿਗੁਰੂ ਪਾਤਸ਼ਾਹ ਜੀ ਕਿਰਪਾ ਕਰਨਗੇ ਅਤੇ ਆਪ ਸਹਾਈ ਹੋਣਗੇ। ਬੱਸ ! ਸਿਖਾਂ ਨੇ ਤਾਂ ਬੋਲ ਕੁਬੋਲ ਸਹਿਣ ਦੀ ਗੰਢ ਪੀਢੀ ਕਰਕੇ ਬੰਨ੍ਹ ਲੈਣੀ ਹੈ।

**-ਤਾਰਾ ਸਿੰਘ ਅਨਜਾਣ**

## ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼

ਕਰਤਾ : ਸੰਤ ਕਾਲਾ ਸਿੰਘ, ਸੰਪਾਦਕ : ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

### ਸ੍ਰੀ ਸਤਿਗੁਰੂ ਜੀ ਨੇ ਦਰਬਾਰ ਦਰਸ਼ਨ ਕਰਨ ਨੂੰ ਜਾਣਾ

ਕਾਮਾਂ ਮਾਂਗ ਪੁਜਾਰੀਆਂ ਰਾਰ ਕੀਤੀ, ਹਾਰ ਬੈਠ ਗਏ ਝਖਾਂ ਮਾਰ ਸਾਰੇ।  
ਸਤਿਗੁਰ ਕਹਿਣ ਨਾ ਏਨੀ ਹੈ ਸ਼ਕਤ ਮੈਨੂੰ, ਏ ਤਾਂ ਸ਼ਬਦ ਕਰਦਾ ਕੰਮ ਕਾਰ ਸਾਰੇ।  
ਕਿੰਕੂ ਸਿੰਘਾਂ ਦੇ ਚਿੱਤ ਮੈਂ ਫਿਰ ਦੇਵਾਂ, ਮੈਨੂੰ ਸ਼ਕਤ ਨਾ ਦਿਤੀ ਕਰਤਾਰ ਸਾਰੇ।  
ਏਹੋ ਬਾਤ ਸਾਰੀ ਬਸ ਸ਼ਬਦ ਦੇ ਹੈ, ਏ ਹੈ ਸ਼ਬਦ ਦੇ ਸਿਖ ਨਿਰਧਾਰ ਸਾਰੇ।  
ਸਤਿਗੁਰ ਆਖਦੇ ਲਾਓ ਤਨਖਾਹ ਸਾਨੂੰ, ਜਥਾ ਜੋਗ ਕਰਕੇ ਕੰਮਕਾਰ ਸਾਰੇ।

(ਚਲਦਾ)

## ਪੈਂਤੀ ਅੱਖਰੀ

ਬੀਬੀ ਸਵਰਨ ਕੌਰ ਸੇਖਾਂ, ਕਨੇਡਾ

| | | | |
|---|---|---|---|
| ੳ | – | ਊੜਾ | ਉਸਤਤ ਗੁਰੂ ਕੀ ਕਰੀਏ। |
| ਅ | – | ਐੜਾ | ਆਗਿਆ ਪਰ ਸਿਰ ਧਰੀਏ। |
| ੲ | – | ਈੜੀ | ਈਸਰ ਭਗਤ ਕਰੀਜੈ। |
| ਸ | – | ਸੱਸਾ | ਸਾਧ ਸੰਗਤ ਕੋਲੋਂ ਲੀਜੈ। |
| ਹ | – | ਹਾਹਾ | ਹਰਿ ਹਰਿ ਨਾਮ ਉਚਰਨਾ। |
| ਕ | – | ਕੱਕਾ | ਕੰਮ ਨਹੀਂ ਮੰਦਾ ਕਰਨਾ। |
| ਖ | – | ਖੱਖਾ | ਖੇਲ ਨਾ ਜਨਮ ਗਵਾਈਏ। |
| ਗ | – | ਗੱਗਾ | ਗੋਬਿੰਦ ਕੇ ਗੁਣ ਗਾਈਏ। |
| ਘ | – | ਘੱਘਾ | ਘਰ ਘਰ ਫਿਰਨਾ ਨਾਹੀਂ। |
| ਙ | – | ਙੰਙਾ | ਙਿਆਨ ਸਮਝ ਮਨ ਮਾਹੀ। |
| ਚ | – | ਚੱਚਾ | ਚੋਰੀ ਜਾਰੀ ਤਿਆਗੋ। |
| ਛ | – | ਛੱਛਾ | ਛਲ ਛਲ ਤੇ ਮਨ ਭਾਗੋ। |
| ਜ | – | ਜੱਜਾ | ਜੋਬਨ ਦੇਖ ਨਾ ਭੁੱਲਨਾ। |
| ਝ | – | ਝੱਝਾ | ਝੁਰ-ਝੁਰ ਮਾਟੀ ਰੁਲਨਾ |
| ਞ | – | ਞੰਞਾ | ਞਤਨ ਕਰੋ ਅਬ ਵੇਲਾ। |
| ਟ | – | ਟੈਂਕਾ | ਟਹਿਲ ਕਰੋ ਸਾਧ ਸੰਗ ਮੇਲਾ। |
| ਠ | – | ਠੱਠਾ | ਠਾਕੁਰ ਸਭ ਮਹਿ ਜਾਨਿਓ। |
| ਡ | – | ਡੱਡਾ | ਡਰ ਫਿਰ ਕਿਸ ਕਾ ਮਾਨਿਓ |
| ਢ | – | ਢੱਢਾ | ਢੂੰਡਹੁ ਸਤਿਗੁਰ ਪੂਰਾ। |
| ਣ | – | ਣਾਣਾ | ਣਾਸ ਹੋਏ ਮਨ ਬਿਸੂਰਾ। |
| ਤ | – | ਤੱਤਾ | ਤੂੰ ਮਨ ਸਮਝ ਇਆਣੇ। |
| ਥ | – | ਥੱਥਾ | ਥਾਉ ਨ ਗੁਰਾਂ ਬਿਨ ਜਾਣੇ। |
| ਦ | – | ਦੱਦਾ | ਦਇਆ ਦਾਨ ਨਿੱਤ ਕਰਨਾ। |
| ਧ | – | ਧੱਧਾ | ਧਿਆਨ ਵਿਸ਼ੇ ਚਿਤ ਧਰਨਾ। |
| ਨ | – | ਨੰਨਾ | ਨਾਮ ਜਪੋ ਦਿਨ ਰਾਤੀ। |
| ਪ | – | ਪੱਪਾ | ਪੌਣ ਨਾ ਲਾਗੇ ਤਾਤੀ। |
| ਫ | – | ਫੱਫਾ | ਫੇਰ ਜਨਮ ਨਹੀਂ ਐਸੋ। |
| ਬ | – | ਬੱਬਾ | ਬੇਦ ਬਦਾਵਤ ਜੈਸੋ। |
| ਭ | – | ਭੱਭਾ | ਭਲਾ ਦੁਖੀਅਨ ਕਾ ਕੀਜੈ। |
| ਮ | – | ਮੱਮਾ | ਮਰਨਾ ਭੂਲ ਮਤ ਜਾਓ। |
| ਯ | – | ਯਈਆ | ਯਾਰ ਮੀਤ ਜਗ ਜੇਤੇ। |
| ਰ | – | ਰਾਰਾ | ਰੈਨ ਸੁਖਨ ਸੁਖ ਤੇਤੇ। |
| ਲ | – | ਲੱਲਾ | ਲਾਵੋ ਮਨ ਇਹਨਾਂ ਬਚਨਾ। |
| ਵ | – | ਵਵਾ | ਵੈਰ ਵਿਰੋਧ ਨਾ ਰਚਨਾ। |
| ੜ | – | ੜਾੜਾ | ੜਾੜ ਮਿਟਾਵੋ ਮਨ ਕੀ |
| | | | ਪੂਰੀ ਪੈਂਤੀ ਸਾਧੂ ਜਨ ਕੀ। |

## ਗੁਰ-ਉਪਦੇਸ਼

# ਸ੍ਰੀ ਸਤਿਗੁਰੂ ਉਦੈ ਸਿੰਘ ਜੀ

## ਇਸ ਰਸਮ ਦੀ ਮਹੱਤਤਾ ਨੂੰ ਨਾ ਘਟਾਇਆ ਜਾਵੇ



ਸਾਧ ਸੰਗਤ ਜੀ, ਅੱਜ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦਿੱਤੀ ਹੋਈ 'ਅਨੰਦ ਮਰਯਾਦਾ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦ੍ਰਿੜਾਈ ਹੋਈ ਮਰਯਾਦਾ ਅਨੁਸਾਰ ਇਕ ਅਨੰਦ ਕਾਰਜ ਹੋਇਆ ਏ। ਅਨੰਦ ਕਾਰਜ ਤੇ ਬਹੁਤ ਹੁੰਦੇ ਨੇ, ਪਰ ਇਸ ਅਨੰਦ ਕਾਰਜ ਦੀ ਖਾਸ ਕਰਕੇ ਤਾਂ ਗਲ ਕਰ ਰਿਹਾ ਹਾਂ, (ਜਥੇਦਾਰ) ਨਿਸ਼ਾਨ ਸਿੰਘ ਨੇ, ਇਸ ਦੇ ਪਰਿਵਾਰ ਨੇ, ਜਿਹੜੀ ਇਹਦੇ ਘਰੋਂ ਇਸ ਦੀ ਬੀਬੀ ਏ ਇਹਨਾਂ ਨੇ, ਇਹ ਹੁਕਮ ਸੱਚੇ ਪਾਤਸ਼ਾਹ ਦਾ ਮੰਨਿਆ ਹੈ, ਕਿ ਅਸੀਂ ਅਨੰਦ ਕਾਰਜ ਨੂੰ ਸਾਦਾ ਰੱਖਣਾ ਹੈ। ਨਾ ਇਹਨਾਂ ਵਿਆਹ ਤੋਂ ਪਹਿਲਾਂ ਕੋਈ ਪਾਰਟੀ ਕੀਤੀ ਏ, ਨਾ ਇਹਨਾਂ ਨੇ ਵਿਆਹ ਤੋਂ ਬਾਅਦ ਕੋਈ ਪਾਰਟੀ ਕਰਨੀ ਏ। ਜਿਸ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਹੁਕਮ ਕਰਦੇ ਹੁੰਦੇ ਸੀ ਇਹ ਹੀ ਰਸਮ ਹੋਏ। ਇਸ ਤੋਂ ਬਾਅਦ ਜਾ ਕੇ ਹੋਰ ਰਸਮਾਂ ਕਰਕੇ ਇਸ ਰਸਮ ਦੀ ਮਹੱਤਤਾ ਨੂੰ ਨਾ ਘਟਾਇਆ ਜਾਵੇ। ਇਹ ਸਾਡੇ ਸਾਰਿਆਂ ਵਾਸਤੇ ਇਕ ਪ੍ਰੇਰਣਾ ਹੈ, ਇਕ ਮੋਟੀਵੇਸ਼ਨ ਹੈ। ਜੇ ਇਹ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਸਕਦੇ ਨੇ ਤੇ ਅਸੀਂ ਵੀ ਹੁਕਮ ਮੰਨ ਸਕਦੇ ਹਾਂ। ਖਾਸ ਕਰਕੇ ਇਹ ਹੁੰਦਾ ਹੈ ਕਿ ਜਿੰਨਾ ਕੋਲ ਪੈਸਾ ਜ਼ਿਆਦਾ ਹੁੰਦਾ ਹੈ ਤਾਂ ਉਹ ਜ਼ਿਆਦਾ ਰਸਮਾਂ ਕਰਦੇ ਨੇ। ਉਹਨਾਂ ਨੂੰ ਇਹ ਚਾਅ ਹੁੰਦਾ ਹੈ ਕਿ ਸਾਡਾ ਸਮਾਜ ਵਿਚ ਨੱਕ ਰਹਿ ਜਾਵੇ। ਕੋਈ ਪਾਰਟੀ ਕਰਦਾ ਹੈ, ਕੋਈ ਫਾਈਵ ਸਟਾਰ ਹੋਟਲ ਵਿਚ ਕਰਦਾ ਹੈ, ਉਹਦੇ ਨਾਲ ਉਹ ਵਿਚਾਰੇ ਜਿਹਨਾਂ ਕੋਲ ਘੱਟ ਪੈਸੇ ਹੁੰਦੇ ਨੇ ਉਹਨਾਂ ਦੀਆਂ ਮਜ਼ਬੂਰੀਆਂ ਹੋ ਜਾਂਦੀਆਂ ਨੇ। ਪਰ ਮੈਂ ਇਹ ਅਰਜ਼ ਕਰਾਂ ਕਿ ਸੁਖ ਹੁਕਮ ਮੰਨਣ ਵਿਚ ਹੀ ਹੈ। ਇਹ ਜਿਹੜੇ ਰਿਸ਼ਤੇਦਾਰ, ਯਾਰ ਦੋਸਤ ਇਹ ਕਹਿੰਦੇ ਨੇ ਕਿ ਤੂੰ ਪਾਰਟੀ ਨਹੀਂ ਦਿੱਤੀ ਉਹਨਾਂ ਤੁਹਾਡੇ ਨਾਲ ਨਹੀਂ ਚਲਣਾ। ਜਦੋਂ ਇਥੇ ਵੀ ਕੋਈ ਲੋੜ ਹੁੰਦੀ ਏ ਉਦੋਂ ਵੀ ਇਥੇ ਕੋਈ ਨਾਲ ਨਹੀਂ ਚਲਦਾ। ਆਪਾਂ ਹੁਕਮ ਉਸ ਸੱਚੇ ਪਾਤਸ਼ਾਹ ਦਾ ਮੰਨੀਏ ਜਿਹਨੇ ਇਥੇ ਵੀ ਸਾਡਾ ਸਾਥ ਦੇਣਾ ਹੈ ਅਗੋਂ ਵੀ ਸਾਡਾ ਨਾਲ ਸਾਥ ਦੇਣਾ ਹੈ। ਆਪਾਂ ਤਗੜੇ ਹੋਈਏ। ਸਾਡੇ ਅਨੰਦਾਂ ਦੀ ਸੋਭਾ ਲੋਕੀਂ ਐਸ ਕਰਕੇ ਨਹੀਂ ਕਰਦੇ ਕਿ ਨਾਮਧਾਰੀ ਸਿੱਖਾਂ ਨੇ ਕਿੱਡੀ ਵੱਡੀ ਪਾਰਟੀ ਕੀਤੀ ਏ, ਸਾਡੀ ਸੋਭਾ ਇਸ ਕਰਕੇ ਹੁੰਦੀ ਏ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਇਕ ਵੱਖਰਾ, ਇਕ ਸਾਦਾ ਬਿਨਾਂ ਖਰਚ ਵਾਲਾ ਇਕ ਰਸਤਾ ਸਾਨੂੰ ਦੱਸਿਆ ਹੈ। ਇਹ ਹੁਣ ਆਪਣੇ ਤੇ ਹੈ ਕਿ ਆਪਾਂ ਆਪਣੇ ਗੁਰੂ ਦੀ ਸੋਭਾ ਕਰਾਉਣੀ ਹੈ ਜਾਂ ਆਪਾਂ...... ਮੈਂ ਤੇ ਇਹ ਨਹੀਂ ਕਹਾਂਗਾ। ਪਰ ਉਹਦੇ ਨਾਲ ਨਿੰਦਿਆ ਹੁੰਦੀ ਏ। ਲੋਕ ਇਹ ਗੱਲ ਕਰਦੇ ਨੇ ਕਿ ਨਾਮਧਾਰੀ ਇਥੇ ਤੇ ਕੁਝ ਹੋਰ ਕਰਦੇ ਨੇ, ਪਿਛੋਂ ਜਾ ਕੇ ਕੁਝ ਹੋਰ। ਆਪਾਂ ਤਗੜੇ ਹੋਈਏ। ਖਾਸ ਕਰਕੇ ਮੈਂ ਜੀਵਨ ਨਗਰ ਵੀ ਇਹ ਗੱਲ ਕੀਤੀ ਸੀ ਕਿਤੇ ਵੀ ਸਮਾਜ ਵਿੱਚ ਬਦਲਾਵ ਆਉਂਦਾ ਹੈ ਤਾਂ ਓਹ ਨੌਜਵਾਨਾਂ ਨਾਲ ਆਉਂਦਾ ਹੈ। ਨੌਜਵਾਨ ਤਗੜੇ ਹੋਣ ਕਹਿਣ ਕਿ ਅਸੀਂ ਸਾਦਾ ਵਿਆਹ ਕਰਨਾ ਹੈ। ਸਾਦਾ ਵਿਆਹ ਕਰਾਉਣ ਦਾ ਸਾਨੂੰ ਮਾਣ ਹੋਵੇ। ਇਹ ਪੱਕੀ ਗੱਲ ਜੇ ਉਸ ਚੀਜ਼ ਦੀ ਲੋਕੀ ਸੋਭਾ ਕਰਨਗੇ। ਵੇਖੋ ਕਿੰਨ੍ਹੀ ਸੋਹਣੀ ਰਸਮ ਹੋਈ ਹੈ, ਸਵੇਰ ਤੋਂ ਲੈਕੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਹੈ, ਤੁਸੀਂ ਗੁਰਬਾਣੀ ਸੁਣੀ ਏ, ਉਸ ਤੋਂ ਬਾਅਦ ਲਾਵਾਂ ਪੜ੍ਹੀਆਂ ਗਈਆਂ ਨੇ, ਅਨੰਦ ਪੜ੍ਹਿਆ ਗਿਆ ਹੈ, ਨੌਵੇਂ ਪਾਤਸ਼ਾਹ ਦੇ ਸਲੋਕ ਪੜ੍ਹੇ ਗਏ ਨੇ, ਇਸ ਤੋਂ ਉਤੇ ਹੋਰ ਕੀ ਰਸਮ ਹੋ ਸਕਦੀ ਹੈ। ਇਸ ਤੋਂ ਚੰਗਾ ਮਾਹੌਲ ਹੋਰ ਕੀ ਹੋ ਸਕਦਾ ਹੈ ਸਵੇਰ ਤੋਂ ਨਾਮ ਸਿਮਰਨ ਹੋਇਆ ਹੈ। ਸੱਚੇ ਪਾਤਸ਼ਾਹ ਕਿਰਪਾ ਕਰਨ ਬਖਸ਼ਿਸ਼ ਕਰਨ ਇਹਦੇ ਵਿਚ ਆਪਣੀ ਵੀ ਸੋਭਾ ਹੈ, ਤੇ ਸਭ ਤੋਂ ਵੱਡੀ ਗੱਲ ਇਹਦੇ ਵਿਚ ਆਪਣੇ ਗੁਰੂ ਦੀ ਸੋਭਾ ਹੈ।

ਦੂਸਰੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਜਿਹੜੀ ਹਰ ਵਾਰੀ ਕਹਿੰਦਾ ਹਾਂ ਕਿ ਆਪਣੇ ਵਿਚ ਸਵੇਰ ਦਾ ਉਠਣਾਂ ਬਹੁਤ ਘੱਟਦਾ ਜਾਂਦਾ ਹੈ, ਖਤਮ ਹੁੰਦਾ ਜਾਂਦਾ ਹੈ। ਹੁਣ ਅੱਜਕਲ ਦਿਨ ਬਹੁਤ ਲੇਟ ਚੜ੍ਹਦਾ ਹੈ ਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ, ਉਹਨਾਂ ਸੱਚੇ ਪਾਤਸ਼ਾਹ ਜੀ ਦੇ ਹੁਕਮ ਨੂੰ ਦੌਹਰਾਉਂਦਾ ਹਾਂ, ਕਿ ਦੋ ਘੰਟੇ ਸੂਰਜ ਚੜ੍ਹਨ ਤੋਂ ਪਹਿਲਾਂ ਉਠ ਜਾਇਆ ਕਰੀਏ। ਪੰਜ ਵਜੇ, ਸਾਢੇ ਪੰਜ ਵਜੇ ਵੀ ਉਠ ਜਾਇਆ ਕਰੀਏ। ਪੰਜ, ਸਾਢੇ ਪੰਜ ਵਜੇ ਤਕ ਉਠਣਾ ਤਾਂ ਕੋਈ ਔਖਾ ਨਹੀਂ। ਜਿਹੜੇ ਦੋ ਤਿੰਨ ਵਜੇ ਉਠਦੇ ਨੇ ਉਹ ਬਹੁਤ ਵੱਡੀ ਗੱਲ ਏ, ਉਹਨਾਂ ਤੇ ਬਹੁਤ ਕਿਰਪਾ ਹੈ। ਪਰ ਜਿਹੜੇ ਅਠ ਵਜੇ ਤਕ ਸੁੱਤੇ ਰਹਿੰਦੇ ਨੇ, ਇਹਦਾ ਨਾ ਕਰਿਆ ਕਰੋ। ਸੱਚੇ ਪਾਤਸ਼ਾਹ ਬਹੁਤ ਗੁੱਸੇ ਹੁੰਦੇ ਸੀ ਜਦੋਂ ਕਿਸੇ ਨੇ ਸੂਰਜ ਚੜ੍ਹਨ ਤੇ ਸੁੱਤੇ ਹੋਣਾ। ਇਨ੍ਹੀ ਜ਼ਰੂਰ ਕਿਰਪਾ ਕਰਿਆ ਕਰੋ ਪੰਜ ਸਾਢੇ ਪੰਜ ਵਜੇ ਤਕ ਸਾਰੇ ਹੀ ਉਠ ਜਾਇਆ ਕਰੋ। ਸਣੇ ਕੇਸੀਂ ਇਸਨਾਨ ਕਰਕੇ, ਨਾਮ ਸਿਮਰਨ ਕਰਕੇ ਸੱਚੇ ਪਾਤਸ਼ਾਹ ਦੇ ਚਰਨਾਂ ਤੇ ਅਰਦਾਸ ਕਰਕੇ ਜਿਹਨਾਂ ਨੇ ਸਕੂਲ ਜਾਣਾ ਹੈ, ਕਾਲਜ ਜਾਣਾ ਹੈ, ਕੰਮਕਾਰ ਤੇ ਜਾਣਾ ਹੈ ਫਿਰ ਜਾਇਆ ਕਰੋ। ਤੁਸੀਂ ਕਿਸੇ ਤਰ੍ਹਾਂ ਤੰਗ ਹੋ ਕੇ ਤਿੰਨ ਚਾਰ ਮਹੀਨੇ ਕਰ ਕੇ ਵੇਖੋ ਜੇ ਨਾ ਕੋਈ ਫਰਕ ਪਿਆ ਤਾਂ ਆਕੇ ਮੈਨੂੰ ਦੱਸਿਓ। ਤੁਹਾਨੂੰ ਆਪਣਾ ਆਪ ਚੰਗਾ ਲਗੇਗਾ, ਸਾਰਾ ਦਿਨ ਚੰਗਾ ਲਗੇਗਾ। ਜਦੋਂ ਤੁਸੀਂ ਕਰੋਗੇ ਇਹ ਆਪਾਂ ਨੂੰ ਪਤਾ ਨਹੀਂ ਲਗਦਾ, ਆਪਾਂ ਨੂੰ ਲਗਦਾ ਹੈ ਕਿ ਵਾਧੂ ਦੀ ਖੇਚਲ ਹੈ। ਪਰ ਕੁਝ ਚੇਂਜ ਆਉਂਦੀ ਏ, ਤੁਹਾਡਾ ਟਾਈਮ ਚੰਗਾ ਲੱਗਣ ਲੱਗ ਜਾਂਦਾ ਹੈ, ਜਦੋਂ ਅਸੀਂ ਸੱਚੇ ਪਾਤਸ਼ਾਹ ਦਾ ਹੁਕਮ ਮੰਨਦੇ ਹਾਂ। ਕਲ ਇਕ ਸਿਖ ਆਏ ਸੀ ਉਹਨਾਂ ਨੇ ਮੈਨੂੰ ਕਿਹਾ ਕਿ ਮੇਰਾ ਮਨ ਨਹੀਂ ਲਗਦਾ ਨਾਮ ਜਪਣ ਵਿਚ। ਸੱਚੇ ਪਾਤਸ਼ਾਹ ਕਿਰਪਾ ਕਰਨ ਉਹਨਾਂ ਦਾ ਮਨ ਲਗੇ। ਮੈਂ ਇਹ ਕਹਿਣਾ ਚਾਹਾਂਵਾਗਾ। ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਕਿ ਮੈਨੂੰ ਬੜੀ ਖੁਸ਼ੀ ਹੁੰਦੀ ਏ ਜਦੋਂ ਕੋਈ ਕਹਿੰਦਾ ਹੈ ਕਿ ਮਨ ਨਹੀਂ ਲਗਦਾ। ਉਹ ਘਟੋ ਘਟ ਇਸ ਪਾਸੇ ਤੁਰਿਆ ਤੇ ਹੈ। ਜਦੋਂ ਅਸੀਂ ਇਸ ਪਾਸੇ ਤੁਰਾਂਗੇ, ਬੈਠਾਂਗੇ, ਸੱਚੇ ਪਾਤਸ਼ਾਹ ਇਹ ਵੀ ਹੁਕਮ ਕਰਦੇ ਸੀ ਕਿ ਬੇਸ਼ਕ ਸੱਚੇ ਪਾਤਸ਼ਾਹ ਐਗਜ਼ਾਂਪਲ (ਉਦਾਹਰਣ) ਦਿੰਦੇ ਸੀ ਕਿ ਇਕ ਬਾਂਦਰ ਏ ਉਹ ਕਿਸੇ ਦਾ ਉਜਾੜਾ ਕਰਦੈ। ਉਹ ਖੁਲ੍ਹਾ ਫਿਰਦਾ ਹੈ, ਉਹ ਸ਼ਰਾਰਤ ਕਰਦਾ ਹੈ, ਕਿਸੇ ਦਾ ਕੁਝ ਨੁਕਸਾਨ ਕਰਦਾ ਹੈ। ਤੁਸੀਂ ਬਾਂਦਰ ਬੰਨ੍ਹ ਕੇ ਤੇ ਬਿਠਾਇਆ ਹੈ, ਉਸ ਮਨ ਨੂੰ ਤੁਸੀਂ ਬੰਨ੍ਹ ਕੇ ਤੇ ਬਿਠਾਇਆ ਹੈ, ਬੇਸ਼ਕ ਉਹ ਨਹੀਂ ਸੀ ਖਲੌਂਦਾ ਤੁਸੀਂ ਬੰਨ੍ਹ ਕੇ ਤੇ ਬਿਠਾਇਆ ਹੈ, ਹੌਲੀ-ਹੌਲੀ ਮਨ ਟਿਕਣ ਵੀ ਲੱਗ ਜਾਂਦਾ ਹੈ ਕਿਸੇ ਵੇਲੇ ਇਕ ਮਿੰਟ ਟਿਕਦਾ ਹੈ, ਕਿਸੇ ਵੇਲੇ ਦੋ ਮਿੰਟ ਟਿਕਦਾ ਹੈ ਤੇ ਅਸੀਂ ਕੋਸ਼ਿਸ਼ ਕਰੀਏ ਉਸ ਪਾਸੇ ਵੱਲ ਨੂੰ ਤਰੀਏ, ਉਸ ਪਾਸੇ ਦੀਆਂ ਗੱਲਾਂ ਕਰੀਏ। ਅਸੀਂ ਉਹਨਾਂ ਬੰਦਿਆਂ ਕੋਲ ਬੈਠੀਏ ਜਿਹੜੇ ਉਸ ਪਾਸੇ ਦੀਆਂ ਗੱਲਾਂ ਕਰਨ, ਸੱਚੇ ਪਾਤਸ਼ਾਹ ਦੀ ਸ਼ੋਭਾ ਕਰਨ। ਜਦੋਂ ਤੁਸੀਂ ਸ਼ੋਭਾ ਕਰੋਗੇ, ਸਤਿਗੁਰੂ ਸੱਚੇ ਪਾਤਸ਼ਾਹ ਦੀ ਸੋਭਾ ਕਰੋਗੇ ਤਾਂ ਤੁਹਾਡਾ ਮਨ ਕੁਝ ਹੋਰ ਹੋਵੇਗਾ। ਜੇ ਆਪਾਂ ਸਵੇਰ ਤੋਂ ਲੈ ਕੇ ਸ਼ਾਮ ਤਕ ਨਿੰਦਿਆ ਕਰੀ ਜਾਵਾਂਗੇ, ਕਿਸੇ ਨੂੰ ਮਾੜਾ ਆਖਾਂਗੇ, ਆਪਣਾ ਮਨ ਨਹੀਂ ਟਿਕਦਾ। ਦੁਨੀਆ ਬਣੀ ਹੀ ਇਸ ਤਰ੍ਹਾਂ ਦੀ ਏ। ਇਸ ਕਰਕੇ ਆਪਾਂ ਇਸ ਪਾਸੇ ਨੂੰ ਨਹੀਂ ਤੁਰਨਾ, ਉਸ ਲਈ ਆਪਾਂ ਨੂੰ ਤਿਆਰੀ ਕਰਨੀ ਪੈਂਦੀ ਏ। ਸੱਚੇ ਪਾਤਸ਼ਾਹ ਕਿਰਪਾ ਕਰਨ। ਆਪਣੇ ਸਮੇਤ ਮੇਰੇ ਵਾਸਤੇ ਤੁਸੀਂ ਅਰਦਾਸ ਕਰੋ। ਸੱਚੇ ਪਾਤਸ਼ਾਹ ਬਖਸ਼ਿਸ਼ ਕਰਨ ਸਾਡੇ ਸਾਰਿਆਂ ਤੇ ਕਿਰਪਾ ਕਰਨ ਆਪਾਂ ਉਹਨਾਂ ਦਾ ਹੁਕਮ ਮਨ ਸਕੀਏ। ਇੰਨੀ ਗੱਲ ਕਰਕੇ ਮੈਂ ਆਗਿਆ ਲੈਂਦਾ ਹਾਂ।

ਸਤਿ ਸ੍ਰੀ ਅਕਾਲ , ੨ ਜਨਵਰੀ ੨੦੧੬, ਦਿੱਲੀ

1920 में स्थापित **सतिजुग**

# फास्ट फूड से दांतों में कैविटी का खतरा

फास्ट फूड व आलू से बने पदार्थो के अधिक सेवन से दांतों में कैविटी की समस्या बढ़ सकती है। कैविटी दांतो के लिए नुकसानदेह हो सकती है इसलिए इसे नजरअंदाज किए बिना फिलिंग करा लें। वरना खाली जगह में नुकीला दांत लड़ने या कोई चीज फंसने से कैंसर का खतरा रहता है।

दंत चिकित्सकों के मुताबिक सुबह व रात में टूथब्रश न करने से दांतों में खाद्य पदार्थ चिपके रहते हैं। इससे बैक्टीरिया पैदा हो जाते हैं, जो एसिड निकालते हैं। धीरे–धीरे वह जगह खोखली हो जाती है और बगल के दांत नुकीले हो जाते हैं। उनकी रगड़ से कैंसर हो सकता है।

शरीर में विटामिन बी की कमी से मुंह में अल्सर हो सकता है। मुंह के परीक्षण से विभिन्न रोगों का भी पता लगा सकते हैं। मसूड़ों से खून निकलना ब्लड कैंसर का लक्षण हो सकता है। दांत हिलना व मुंह में सूखापन डायबिटीज का लक्षण है। किडनी की दिक्कत होने पर यूरिक एसिड का लेवल बढ़ने से मुंह में अल्सर व बदबू आती है।

दंत चिकित्सकों के मुताबिक दांतों की सुरक्षा के लिए एक मिनट तक ऊपर से नीचे और नीचे से ऊपर की ओर टूथब्रश करें। साथ ही माउथवाश भी करें। ■

# ਲੁਧਿਆਣਾ ਵਿਖੇ ਹਫਤਾਵਾਰੀ ਸਮਾਗਮ



ਬੀਬੀਆਂ ਦਾ ਜਥਾ ਕੀਰਤਨ ਕਰਦਾ ਹੋਇਆ।

● **29-11-2015**–ਅੱਜ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ ਸਾਧ ਸੰਗਤ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਸੰਤ ਗੁਰਮੀਤ ਸਿੰਘ, ਦਵਿੰਦਰ ਸਿੰਘ, ਰਾਜਪਾਲ ਸਿੰਘ ਸਰਾਭਾ ਨਗਰ ਲੁਧਿਆਣਾ ਵਲੋਂ ਹੋਏ ਹਫਤਾਵਾਰੀ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਜਥੇਦਾਰ ਅਮਰੀਕ ਸਿੰਘ, ਸੰਤ ਸੁਖਵਿੰਦਰ ਸਿੰਘ ਨੇ ਜਥੇ ਨਾਲ ਕੀਤਾ। ਉਪਰੰਤ 3 ਸਧਾਰਨ ਪਾਠਾਂ ਦੇ ਭੋਗ ਪਾਏ ਗਏ।

1 ਪਾਠ ਦਾ ਭੋਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ।

1 ਪਾਠ ਦਾ ਭੋਗ ਆਪਣੇ ਮਾਤਾ ਪਿਤਾ ਦੀ ਯਾਦ ਵਿਚ

1 ਪਾਠ ਦਾ ਭੋਗ ਘਰ ਵਿਚ ਸੁਖ ਸ਼ਾਂਤੀ ਲਈ ਮੇਲੇ ਵਾਲਿਆਂ ਵਲੋਂ ਪੁਆਇਆ ਗਿਆ।

146 ਪਾਠ ਚੌਪਈ ਦੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਸਾਧ ਸੰਗਤ ਵਲੋਂ ਕੀਤੇ ਗਏ।

ਬੀਬੀਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਹੱਲੇ ਦਾ ਦਿਵਾਨ ਸਜਾਇਆ। ਸੂਬਾ ਹਰਭਜਨ ਸਿੰਘ ਅਤੇ ਬਲਵੀਰ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕਰਦਿਆਂ ਸਾਧ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਰੇ ਗੱਲ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਵਿਚ ਉਦਾਸੀਆਂ ਕਰਕੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਸੂਬਾ ਜੀ ਨੇ ਕਿਹਾ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਭਲੇ ਲਈ ਚੌਅੱਖਰਾ ਨਾਮ ਬਖਸ਼ਿਸ਼ ਕੀਤਾ ਉਥੇ ਦੇਹਧਾਰੀ ਗੁਰੂ ਦੀ ਪ੍ਰਪੰਰਾ ਸ਼ੁਰੂ ਕਰਕੇ ਸਿੱਖ ਪੰਥ ਤੇ ਬਹੁਤ ਵਧੀਆ ਪਰਉਪਕਾਰ ਕੀਤਾ। ■



ਮਾਸਟਰ ਦਰਸ਼ਨ ਸਿੰਘ ਦੀ ਅਗਵਾਈ ਹੇਠ ਲੁਧਿਆਣੇ ਦਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੋਇਆ।

● **20-12-2015**–ਸੰਤ ਮਹਿੰਦਰ ਸਿੰਘ ਪੁੱਤਰ ਸੰਤ ਬਾਵਾ ਸਿੰਘ ਅਤੇ ਪਰਿਵਾਰ ਵਲੋਂ ਕਰਵਾਏ ਗਏ ਅੱਜ ਦੇ ਹਫਤਾਵਾਰੀ ਸਮਾਗਮ ਵਿਚ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਮਾਸਟਰ ਦਰਸ਼ਨ ਸਿੰਘ ਦੀ ਅਗਵਾਈ ਹੇਠ ਲੁਧਿਆਣੇ ਦੇ ਜਥੇ ਨੇ ਢੋਲਕੀ ਛੈਣਿਆਂ ਨਾਲ ਕੀਤਾ। ਪਰਿਵਾਰ ਵਲੋਂ 2 ਸਧਾਰਨ ਪਾਠਾਂ ਦੇ ਭੋਗ ਪਾਏ ਗਏ। 1 ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, 1 ਪਾਠ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ੁਕਰਾਨੇ ਵਜੋਂ ਕਰਵਾਇਆ ਗਿਆ, 11 ਪਾਠ ਸੁਖਮਨੀ ਸਾਹਿਬ ਦੇ ਪਰਿਵਾਰ ਵਲੋਂ ਘਰ ਦੀ ਸੁਖ ਸ਼ਾਂਤੀ ਲਈ ਕੀਤੇ ਗਏ। ਆਈ ਸੰਗਤ ਦਾ ਧੰਨਵਾਦ ਕਰਦਿਆਂ ਸੰਤ ਬਲਵੀਰ ਸਿੰਘ ਨੇ ਸਾਧ ਸੰਗਤ ਨੂੰ ਆਉਣ ਵਾਲੇ ਮੇਲੇ ਬਾਰੇ ਜਾਣਕਾਰੀ ਦਿੱਤੀ। ਉਨਾਂ ਛੋਟੇ ਬੱਚੇ ਅਤੇ ਨੌਜਵਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਬੱਚੇ ਸਾਡੇ ਸਰੀਰਾਂ ਤੋਂ ਪਹਿਲਾਂ ਏਥੇ ਸਟੇਜ ਤੇ ਆਪਣੇ ਆਪਣੇ ਸਾਜ ਲੈ ਕੇ ਬੈਠ ਜਾਂਦੇ ਹਨ ਸਾਨੂੰ ਕੀਰਤਨ ਰਾਹੀਂ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜਦੇ ਹਨ। ਉਹਨਾਂ ਲੰਗਰ ਵਿਚ ਸੇਵਾ ਕਰਨ ਵਾਲੀਆਂ ਬੀਬੀਆਂ ਅਤੇ ਲਾਂਗਰੀਆਂ ਦਾ ਧੰਨਵਾਦ ਕੀਤਾ ਜੋ ਕਿ ਸੰਗਤ ਲਈ ਇੰਨੀ ਸੇਵਾ ਕਰਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ।

**–ਬਲਬੀਰ ਸਿੰਘ**

# ਸ੍ਰੀ ਰਾਮ ਚਰਿਤ ਮਾਨਸ (ਰਾਮਾਇਣ)

(ਪਿਛੋਂ ਤੋਂ ਅਗੇਂ)

ਪੰਜਾਬੀ ਅਨੁਵਾਦਕ
✍ ਮਾਸਟਰ ਅਮਰੀਕ ਸਿੰਘ

## ਅਜੁਧਿਆ ਨਗਰੀ ਤੇ ਰਾਜਾ ਦਸਰਥ

ਕੰਧ ਦੇ ਅੰਦਰ ਬੜੇ ਹੀ ਖੁਲ੍ਹੇ ਸਨ ਬਾਜ਼ਾਰ ਬਨਾਏ,
ਉਚ ਅਟਾਰੀਆਂ ਸੋਭਾ ਦੇਵਨ ਨਾਲੇ ਬਾਗ ਲਵਾਏ।
ਬਾਜ਼ਾਰਾਂ ਵਿੱਚ ਹੱਟੀਆਂ ਵਾਲੇ ਸੱਚ ਬੋਲਦੇ ਸਾਰੇ,
ਪੂਰਾ ਪੂਰਾ ਤੋਲ ਕੇ ਦੇਵਣ, ਸਾਰੇ ਜਗ ਤੋਂ ਨਿਆਰੇ।

(ਚਲਦਾ)

# ਐਲਨਾਬਾਦ ਵਿਖੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ



ਪ੍ਰਕਾਸ਼ ਪੁਰਬ ਮੇਲੇ ਸਮੇਂ ਸੂਬਾ ਬਲਦੇਵ ਸਿੰਘ ਆਸਾ ਦੀ ਵਾਰ ਲਾਉਂਦੇ ਹੋਏ।



ਐਲਨਾਬਾਦ ਵਿਖੇ ਸੰਤ ਧਰਮਪਾਲ ਸਿੰਘ ਜਥੇ ਸਮੇਤ ਦਿਵਾਨ ਸਜਾਉਂਦੇ ਹੋਏ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਸਦਕਾ ਮਿਤੀ 10 ਜਨਵਰੀ 2016 ਨੂੰ ਐਲਨਾਬਾਦ ਦੀ ਸਾਰੀ ਸੰਗਤ ਅਤੇ ਵਿਦਿਅਕ ਜਥੇ ਦੇ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸੂਬਾ ਬਲਦੇਵ ਸਿੰਘ ਅਤੇ ਪ੍ਰਧਾਨ ਸੁਖਦੇਵ ਸਿੰਘ ਦੀ ਅਗਵਾਈ ਹੇਠ ਬੜੇ ਹੀ ਸ਼ਰਧਾ ਭਾਵਨਾ ਨਾਲ ਮਨਾਇਆ। ਜਿਸ ਵਿਚ ਅੰਮ੍ਰਿਤ ਵੇਲੇ ਤੋਂ ਪਵਿੱਤਰ ਗੁਰਬਾਣੀ ਆਸਾ ਦੀ ਵਾਰ ਦਾ ਕੀਰਤਨ ਸੂਬਾ ਬਲਦੇਵ ਸਿੰਘ ਅਤੇ ਸੰਤ ਪਰਮਿੰਦਰ ਸਿੰਘ, ਬਲਵਿੰਦਰ ਸਿੰਘ, ਜਸਵੰਤ ਸਿੰਘ ਸਥਾਨਕ ਜਥੇ ਨੇ ਵਾਰੇ ਦੇ ਰੂਪ ਵਿਚ ਕੀਤਾ। ਉਸ ਤੋਂ ਬਾਅਦ ਹੱਲੇ ਦੇ ਦਿਵਾਨ ਅਤੇ ਕਵੀਆਂ ਦੇ ਦਿਵਾਨਾਂ ਦੀ ਲੜੀ ਸ਼ੁਰੂ ਹੋਈ। ਸਾਰੇ ਜਥੇਦਾਰਾਂ ਨੇ ਆਪਣੀ ਯੋਗਤਾ ਅਨੁਸਾਰ ਸ੍ਰੀ ਸਤਿਗੁਰੂ ਜੀ ਦਾ ਜਸ ਕੀਤਾ।

ਸੂਬਾ ਬਲਦੇਵ ਸਿੰਘ (ਸਤਿਗੁਰੂ ਮੂਰਤ ਪ੍ਰਗਟ ਆਈ)
ਪੂਰਨ ਸਿੰਘ ਨਿਰਾਲਾ ਕਵੀਸ਼ਰੀ ਜਥਾ (ਲਗੇ ਦਸ਼ਮੇਸ਼ ਖਾਲਸਾ)
ਬੀਬੀਆਂ ਦਾ ਦਿਵਾਨ (ਸਤਿਗੁਰੂ ਬਾਜਾਂ ਵਾਲੇ ਦੀ ਬੜੀ ਦਰਦ ਕਹਾਣੀ ਏ)
ਸੰਤ ਹਰਭਜਨ ਸਿੰਘ ਭੋਗਲ (ਮਨ ਚਾਉ ਭਇਆ ਪ੍ਰਭੁ ਆਗਮੁ ਸੁਣਿਆ)
ਸੰਤ ਬਿਸ਼ਨ ਦਾਸ (ਕਹੂੰ ਕਿਆ ਸਖੀ ਦਸਮ ਗੁਰੂ ਕੀ ਕਹਾਣੀ)
ਜਥੇਦਾਰ ਜਵੰਦ ਸਿੰਘ ਚੰਡੀਗੜ੍ਹ (ਦਰਸਨ ਪਰਸੀਏ ਗੁਰੂ ਕੇ ਜਨਮ ਮਰਨ ਦੁਖ ਜਾਏ)
ਕਾਕਾ ਧੰਨ ਸਿੰਘ (ਅਜ ਦਿਉ ਵਧਾਈਆਂ ਜੀ ਸੋਹਣਾ ਚੰਨ ਪਟਨੇ ਵਿਚ ਚੜਿਆ)
ਬੀਬੀ ਸੰਦੀਪ ਕੌਰ (ਆਪਣੇ ਸੇਵਕ ਕੀ ਆਪੇ ਰਾਖੇ)

ਅੰਤ ਵਿਚ ਸੰਤ ਧਰਮਪਾਲ ਸਿੰਘ ਹੀਰਾ ਨੇ ਇਹ ਧਾਰਨਾ ਪੜ੍ਹ ਕੇ ਆਪਣਾ ਦਿਵਾਨ ਆਰੰਭ ਕੀਤਾ– ਤੇਰਾ ਰਜ ਰਜ ਦਰਸ਼ਨ ਪਾਵਾਂ ਤੇਰੇ ਵਿਚੋਂ ਰਬ ਦਿਸਦਾ। ਤੇ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਹੋਰ ਛੋਟੇ ਛੋਟੇ ਬੱਚਿਆਂ ਨੇ ਕਵਿਤਾ ਤੇ ਗੀਤ ਬੋਲ ਕੇ ਇਸ ਮੇਲੇ ਵਿਚ ਆਪਣੀ ਹਾਜ਼ਰੀ ਲੁਆਈ। ਸਟੇਜ ਸਕੱਤਰਤਾ ਗੁਰਮੀਤ ਸਿੰਘ ਚਾਨਾ ਨੇ ਕੀਤੀ। ਦੂਰੋਂ ਨੇੜਿਓਂ ਆਈ ਸੰਗਤ ਦਾ ਧੰਨਵਾਦ ਕੀਤਾ ਤੇ ਚਾਰ ਲਾਈਨਾਂ ਕਰਕੇ ਮੇਲੇ ਦੀ ਸਮਾਪਤੀ ਕੀਤੀ।

*ਤੇਰੇ ਵਿਚ ਸਮਾ ਕੇ ਉਦੈ ਸਿੰਘ ਮੈਂ ਤੇਰਾ ਹੋ ਜਾਵਾਂ,*
*ਮੇਰੇ ਸ਼ੋਹ ਸਾਗਰ ਬੇਅੰਤਾਂ ਤੇਰੇ ਵਿਚ ਡੁੱਬ ਜਾਵਾਂ।*
*ਆਸਾਂ ਸਭ ਛੱਡੀਆਂ ਸਤਿਗੁਰੂ ਇਕੋ ਹੈ ਅਰਜੋਈ,*
*ਘੁਟ ਕੇ ਮੇਰੀ ਬਾਂਹ ਪਕੜੀਂ ਵਿਛੜ ਕਿਤੇ ਨਾ ਜਾਵਾਂ।*

ਅੰਤ ਵਿਚ ਸੂਬਾ ਜੀ ਨੇ ਆਈ ਸੰਗਤ ਦਾ ਧੰਨਵਾਦ ਕੀਤਾ ਤੇ ਸਮਾਪਤੀ ਦੀ ਅਰਦਾਸ ਕੀਤੀ। ਅੱਜ ਦੇ ਮੇਲੇ ਦੀ ਸੇਵਾ ਸੰਤ ਤੇਜਿੰਦਰ ਸਿੰਘ ਤੇ ਸੰਤ ਧਰਮਿੰਦਰ ਸਿੰਘ ਦੇ ਪਰਵਾਰ ਵਲੋਂ ਕੀਤੀ ਗਈ। ਅੰਤ ਵਿਚ ਗੁਰੂ ਕਾ ਲੰਗਰ ਵਰਤਾਇਆ ਗਿਆ।

**–ਗੁਰਮੀਤ ਸਿੰਘ ਚਾਨਾ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ**

SATJUG
ESTABLISHED IN 1920

# INTRODUCTION OF TEN SMART BOARDS IN SHAHEED BISHAN SINGH MEMORIAL SR. SEC. SCHOOL



**Knowledge is being imparted to the students through smartboards by Miss Sudershan Kaur (accounts teacher) of S.B.S.M. School**

Technology is an ever changing medium in the world we live in today. Shaheed Bishan Singh Memorial Sr. Sec. School is increasingly integrating latest technology into the classrooms. The Management of the school always takes initiative in incorporating latest technology in the School Teaching Learning Environment and is always ahead of other contemporaries. One such technology beneficial in class rooms is a Smart Board. According to Miss Jyoti, TGT Science. "Introduction and implementation of Smart Board in the classroom is a very good idea for the overall development of each and every student. It is a very effective, advanced and updated teaching aid over- powering the other teaching aids." It has been installed in the school in the session 2015-16 in the month of November.

Smart Board is an interactive projection display that projects the computers video output. It operates with the combination of the interactive White Board, a Computer, a projector and a Smart Board Software. The projection screen is available as a White Board or as a display frame that fits over a Plasma Screen. The device is touch screen that allows the operator to manipulate content with the touch of a finger or Smart Pen.

Mrs. Satwant Kaur, Principal of the school feels that the main aim of incorporating Smart Board in the classroom for improving students' achievements and increasing their technology literacy will now be fulfilled. She interacted with many students and was very much satisfied as the feedback getting from students was that now they enjoy the lesson as the subjects are more alive and bring reality.

Saurabh Tiwari Class X says "We learn by actively doing and physically interacting with the medium. We get the opportunity to explore concepts of our lessons".

According to Karam Singh Class X "Visual impact gives us better understanding, easily memorization, more retaining power, more participation and more disciplined class".

Many students feel that now the classrooms look better and the studies have been more interesting and no longer boring. Some say that their grasping power has increased as result of better understanding of concepts by different tools of learning like mind map, SLM, HOTS, Question Bank, MCQ Test, Virtual lab, BBC gallery, NCERT questions and many more.

This technology is not beneficial only for students but also from the point of view of teachers it has proved itself very interesting, easy and time saving. They feel that animations, videos, pictures, illustrations, graphics and many other activities are helpful in meeting the needs of all children having different grasping powers and provide them a chance for comprehensive learning. Mrs. Alka PGT English while expressing her happiness says that this sophisticated way of teaching has turned typical classroom into a fun learning environment. It makes learning more dynamic owing to different forms of presenting information.

Mrs. Jatinder Kaur says that it helps in inculcating the habit of free and independent thinking among children. They are able to understand and speak English more fluently and confidently.

Science and Social Science teachers find it easy to present various projects through varied activities and devices. Many teachers feel that Smart Board has enriched the classrooms and enhanced the Teaching Learning Experience. Teachers are capable to identify individual strength and weakness in various subjects that need more focus or review.

Everyone feels that introduction of Smart Boards in Shaheed Bishan Singh Memo. Sr. Sec. School is a change for betterment and appreciates the step taken by the school management. They are very much pleased to work on Smart Boards as they have improved their way of teaching and various power point activities have helped the teachers to develop and activate the brains of students. Instant Internet access provides immediate answers to the students enquires. Teachers' Lesson Plan is now with so much more imagination.

According to the Chairman, Mr. H.S. Hanspal "Though this technology is very expensive, it has been installed in ten rooms with a plan to give access to all students and the teachers. Parents' co-operation in this regard is praise worthy in order to achieve the main goal of enhancing the Teaching-Learning Environment".

**-Satwant Kaur (Principal)**

# SANGEET SAMELAN IN CANADA



The Namdhari Community in Toronto held in honour of His Holiness Sri Satguru Jagjit Singh Ji The 2nd Sangeet Samelan through the blessing and Kirpa of Sri Satguru Uday Singh Ji.

The event was held in a Hindu amphitheatre; senior committee members encouraged the young adults of the community to take a prominent role in organizing this event, dealing with the logistics, communications, audio and recording systems, photography, hosting the event and performing within the event.

The event was hosted by Balbir Singh using presentations and short documentaries on Sri Satguru Jagjit Singh Ji, along with the Kirpa of his Holiness showcased the qualities of the young adults of our Namdhari community.

A 7-year-old child named Sarabfateh Singh conducted the first performance playing the tabla as if he was in his late teens. Followed by a Tarshenai and Santoor Jugalbundi by Rattan Singh and Hardayal Singh accompanied by Gurinder Singh on tabla; so captivating was the performance that the entire audience gave several tributes and bravos to the young adults.

Finally the main event was conducted by vocalists Sh. Narendra Datar, Hardeep Singh on harmonium and Sh. Harpal Singh on the tabla which concluded the event in a glorious fashion.

In addition to the performers the honourable guest The Indian Consulate General of Toronto made several remarks on how proud he was to experience such event and the kirpa truly falls at the feet of His Holiness Sri Satguru Jagjit Singh Ji. He also stated how proud he was to see fellow Indian expatriates and Indo Canadians keeping their artistic talents towards Indian Classical Music and hosting events like this in an exquisite manner.

**-Balbir Singh (Bobby)**

# ਸ੍ਰੀ ਸਤਿਗੁਰੂ ਜੀ ਦੇ ਦਿੱਲੀ ਵਿਖੇ ਦਰਸ਼ਨ... (ਬਾਕੀ ਸਫਾ 1 ਦੀ)





ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਏ ਭੋਗ ਸਮੇਂ ਬੀਬੀ ਹਰਿੰਦਰ ਕੌਰ, ਸੰਤ ਗੁਰਦੇਵ ਸਿੰਘ ਅਤੇ ਸ਼੍ਰੀ ਸੰਜੇ ਸ਼ਰਮਾ ਦੇ ਪਰਿਵਾਰ ਨਤਮਸਤਕ ਹੁੰਦੇ ਹੋਏ।



ਸੰਤ ਗੁਰਨਾਮ ਸਿੰਘ ਅਤੇ ਪਰਿਵਾਰਕ ਮੈਂਬਰ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਲੈਂਦੇ ਹੋਏ।



ਸ੍ਰੀ ਸਤਿਗੁਰੂ ਜੀ ਵਲੋਂ ਸੰਤ ਨਰਿੰਦਰ ਸਿੰਘ ਖੁਰਾਣਾ, ਸੰਤ ਸੁਖਬੀਰ ਸਿੰਘ ਖੁਰਾਣਾ ਦੇ ਨਵੇਂ ਬੁਟੀਕ ਵਿਚ ਚਰਨ ਪਾਉਣ ਦੀ ਕਿਰਪਾ।



ਸ੍ਰੀ ਸਤਿਗੁਰੂ ਜੀ ਪ੍ਰਧਾਨ ਸਾਧਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੰਦੇ ਹੋਏ



ਜਥੇਦਾਰ ਦਲਜੀਤ ਸਿੰਘ ਬਲਿਹਾਰਜਾਵਾਂ ਦਾ ਪਰਿਵਾਰ ਸ੍ਰੀ ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਮੰਗਦਾ ਹੋਇਆ।



ਬੱਚੀ ਬਸੰਤ ਕੌਰ, ਬਲਵੰਤ ਕੌਰ ਅਤੇ ਤਬਲੇ ਤੇ ਕਾਕਾ ਬਸੰਤ ਸਿੰਘ ਆਪਣੀ ਦਾਦੀ ਦੇ ਭੋਗ ਸਮੇਂ ਸ਼ਬਦ ਗਾਇਨ ਕਰਦੇ ਹੋਏ।



ਸ੍ਰੀ ਸਤਿਗੁਰੂ ਜੀ ਸੰਤ ਸਤਨਾਮ ਸਿੰਘ ਦੇ ਘਰੋਂ ਬੀਬੀ ਪ੍ਰੀਤਮ ਕੌਰ ਦੇ ਮਨ ਦੀ ਇਛਾ ਪੂਰੀ ਕਰਦੇ ਹੋਏ।



ਸ਼ਹੀਦ ਬਿਸ਼ਨ ਸਿੰਘ ਮੈ. ਸੀ. ਸੈ. ਸਕੂਲ ਦਿੱਲੀ ਵਿਖੇ 1 ਜਨਵਰੀ ਦੁਪਹਿਰ ਦੇ ਮੇਲੇ ਸਮੇਂ ਹਾਜ਼ਰ ਸਾਧ ਸੰਗਤ।



ਜਥੇਦਾਰ ਨਿਸ਼ਾਨ ਸਿੰਘ - ਬੀਬੀ ਦਿਲਪ੍ਰੀਤ ਕੌਰ ਦੀ ਜੋੜੀ ਜਿਹਨਾਂ ਵਿਆਹ ਦੀ ਕੋਈ ਪਾਰਟੀ ਨਾ ਕਰਨ ਦਾ, ਸਤਿਗੁਰੂ ਜੀ ਦਾ ਹੁਕਮ ਮੰਨ ਕੇ ਆਦਰਸ਼ ਸਥਾਪਿਤ ਕੀਤਾ।

ਦੁਪਹਿਰ 2.30 ਵਜੇ ਤਕ ਚਲੇ ਪ੍ਰੋਗਰਾਮ ਦੌਰਾਨ ਜਥੇਦਾਰ ਨਿਸ਼ਾਨ ਸਿੰਘ, ਸੂਬਾ ਸੰਦੀਪ ਸਿੰਘ, ਰਾਗੀ ਮਨਜੀਤ ਸਿੰਘ ਨੇ ਦਿਵਾਨ ਸਜਾਏ। ਉਪਰੰਤ ਬਸੰਤ ਕੌਰ, ਬਲਵੰਤ ਕੌਰ ਅਤੇ ਬਸੰਤ ਸਿੰਘ (ਤਬਲਾ) ਨੇ ਆਪਣੀ ਦਾਦੀ ਨਮਿਤ ਭੋਗ ਸਮੇਂ ਸ਼ਬਦ ਗਾਇਨ ਕੀਤਾ। ਹਰਪਾਲ ਸਿੰਘ ਸਕੱਤਰ ਵਿਸ਼ਵ ਨਾਮਧਾਰੀ ਵਿਦਿਅਕ ਜਥਾ ਨੇ ਬੋਲਦਿਆਂ ਮ੍ਰਿਤਕ ਸਰੀਰਾਂ ਬਾਰੇ ਜਾਣਕਾਰੀ ਦਿੱਤੀ। ਵੇਰਵਾ-

ਬੀਬੀ ਹਰਿੰਦਰ ਕੌਰ ਧਰਮ ਪਤਨੀ ਸੰਤ ਜਸਵੰਤ ਸਿੰਘ ਦਰਜੀ ਅਤੇ ਬੀਬੀ ਪੰਥ ਰਤਨ ਨੰਨਤਾ ਸਿੰਘ ਜੀ ਦੇ ਨੂੰਹ ਸਨ ਜਿਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਪਹਿਰਾਵੇ ਦਾ ਵਰਤਮਾਨ ਸਵਰੂਪ ਤਿਆਰ ਕੀਤਾ ਸੀ।

ਦੂਜੇ ਸਰੀਰ ਸੰਤ ਗੁਰਦੇਵ ਸਿੰਘ ਇਹ ਸੰਤ ਬਲਵੰਤ ਸਿੰਘ ਸੋਧੀ ਲਾਜਪਤ ਨਗਰ ਵਾਲਿਆਂ ਦੇ ਦਾਮਾਦ ਸਨ। ਤੀਜੇ ਸਰੀਰ ਸਹਿਜਧਾਰੀ ਸ਼੍ਰੀ ਸੰਜੇ ਸ਼ਰਮਾ ਸਨ।

ਉਪਰੰਤ ਤਿੰਨ ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਸਾਰੀ ਦਿੱਲੀ ਨਿਵਾਸੀ ਸੰਗਤ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ, ਚਰਨ ਪਰਸੇ। ਸਮਾਪਤੀ ਉਪਰੰਤ ਲੰਗਰ ਵਰਤਾਇਆ ਗਿਆ ਅਤੇ ਸਤਿਗੁਰੂ ਜੀ ਨੇ ਉਚੇਚੇ ਤੌਰ ਤੇ ਹਰਪਾਲ ਸਿੰਘ ਨੂੰ ਹੁਕਮ ਕੀਤਾ ਕਿ ਸੰਗਤ ਵਿਚ ਅਨਾਊਂਸ ਕੀਤਾ ਜਾਵੇ - ਸਾਰੀ ਸੰਗਤ ਅੰਮ੍ਰਿਤ ਵੇਲੇ ਸੂਰਜ ਚੜ੍ਹਨ ਤੋਂ ਪਹਿਲਾਂ ਉਠਿਆ ਕਰੇ ਨਾਲ ਹੀ ਸ੍ਰੀ ਭੈਣੀ ਸਾਹਿਬ ਤੋਂ ਪ੍ਰਸਾਰਿਤ ਹੋਣ ਵਾਲੇ ਲਾਈਵ ਟੈਲੀਕਾਸਟ ਵੇਖਦਿਆਂ ਨਾਮ ਸਿਮਰਨ ਕਰਿਆ ਕਰੇ।

ਪ੍ਰੋਗਰਾਮ ਤੋਂ ਬਾਅਦ ਕੁਝ ਘਰਾਂ 'ਚ ਸਤਿਗੁਰੂ ਜੀ ਨੇ ਜਾ ਕੇ ਦਰਸ਼ਨ ਅਭਿਲਾਸ਼ੀਆਂ ਦੀਆਂ ਮਨੋ ਇਛਾਵਾਂ ਪੂਰਨ ਕੀਤੀਆਂ। ਵੇਰਵਾ- ਬੀਬੀ ਲਾਡੀ, ਸੰਤ ਸੁਲਖਣ ਸਿੰਘ ਸੋਧੀ, ਰਾਜੂ ਸਚਦੇਵ, ਸੰਤ ਜਸਵੰਤ ਸਿੰਘ ਨਾਮਧਾਰੀ ਕਲੋਨੀ, ਮਹਿੰਦਰ ਸਿੰਘ ਰਘੁਬੀਰ ਨਗਰ, ਸੰਤ ਗੁਰਦਿਆਲ ਸਿੰਘ ਲੱਕੀ ਰਾਜੌਰੀ ਗਾਰਡਨ, ਸੰਤ ਮਹਿੰਦਰ ਸਿੰਘ ਤਿਲਕ ਨਗਰ, ਨਿਰਮਲ ਸਿੰਘ ਰਾਣੀ ਬਾਗ ਤੋਂ ਚਲਕੇ ਮਾਨਸਰੋਵਰ ਗਾਰਡਨ ਸੰਤ ਬਲਦੇਵ ਸਿੰਘ ਚਾਈਨਾਂ ਦੇ ਘਰ ਡੇਰਾ ਕੀਤਾ।

**2 ਜਨਵਰੀ 2016**-ਸ੍ਰੀ ਸਤਿਗੁਰੂ ਜੀ ਅਤੇ ਬੀਬੀ ਜੀ ਅੰਮ੍ਰਿਤ ਵੇਲੇ 5 ਵਜੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵਿਖੇ ਚਲ ਰਹੇ ਆਸਾ ਦੀ ਵਾਰ ਵਿਚ ਦਰਸ਼ਨ ਦਿੱਤੇ। ਆਸਾ ਦੀ ਵਾਰ ਤੋਂ ਬਾਅਦ ਜਥੇਦਾਰ ਨਿਸ਼ਾਨ ਸਿੰਘ ਦਾ ਅਨੰਦ ਕਾਰਜ ਬੀਬੀ ਦਿਲਪ੍ਰੀਤ ਕੌਰ ਨਾਲ ਹੋਇਆ। ਇਹ ਅਨੰਦ ਕਾਰਜ ਬਿਨਾਂ ਦਾਜ ਦਹੇਜ ਪੂਰਨ ਮਰਯਾਦਾ ਨਾਲ ਹੋਇਆ। ਉਪਰੰਤ ਪਾਤਸ਼ਾਹ ਜੀ ਨੇ ਸੁਖਬੀਰ ਸਿੰਘ ਖੁਰਾਣਾ ਦੀ ਪੁਤਰੀ ਦੀ ਨਵੀਂ ਬੁਟੀਕ ਦੀ ਦੁਕਾਨ 'ਚ ਚਰਨ ਪਾਏ ਅਤੇ ਨਰਿੰਦਰ ਖੁਰਾਣਾ, ਸੁਖਬੀਰ ਖੁਰਾਣਾ ਦੇ ਸਾਰੇ ਪਰਿਵਾਰ ਨੂੰ ਖੁਸ਼ੀਆਂ ਦਿੱਤੀਆਂ। ਹੁਣ ਸਤਿਗੁਰੂ ਜੀ ਬੀ. ਐਲ. ਕਪੂਰ ਹਸਪਤਾਲ ਵਿਚ ਆਈ. ਸੀ. ਯੂ. ਵਿਚ ਦਾਖਲ ਜਥੇਦਾਰ ਸੇਵਾ ਸਿੰਘ ਨੂੰ ਦਰਸ਼ਨ ਦੇ ਕੇ ਪ੍ਰਧਾਨ ਸਾਧਾ ਸਿੰਘ ਦੇ ਘਰ ਜਾ ਜਲ ਪਾਨ ਗ੍ਰਹਿਣ ਕੀਤਾ। ਸੰਤ ਸਤਨਾਮ ਸਿੰਘ ਦੇ ਘਰ ਜਾ ਕੇ ਉਹਨਾਂ ਦੀ ਬਿਮਾਰ ਪਤਨੀ ਨੂੰ ਦਰਸ਼ਨ ਦਿੱਤੇ। ਉਸ ਤੋਂ ਬਾਅਦ ਸੰਤ ਗੁਰਨਾਮ ਸਿੰਘ ਘਰ ਜਾ ਪਰਵਾਰ ਤੇ ਕਿਰਪਾ ਕੀਤੀ। ਥੋੜਾ ਚਿਰ ਹੰਸਪਾਲ ਜੀ ਘਰ ਨੌਜਵਾਨਾਂ ਨਾਲ ਬੈਠ ਮਰਯਾਦਾ ਦਾ ਧਿਆਨ ਕਰਨ ਦਾ ਅਤੇ ਅੰਮ੍ਰਿਤ ਵੇਲੇ ਉਠਣ ਦਾ ਉਪਦੇਸ਼ ਦੇ ਕੇ (ਆਈ. ਆਈ. ਟੀ.) ਹੋਜਖਾਸ਼ ਵਿਖੇ ਬੀਬੀ ਬਲਜੀਤ ਕੌਰ ਨੂੰ ਬਲੋਜੀ ਦੇ ਘਰ ਜਾ ਦਰਸ਼ਨ ਦਿੱਤੇ। ਉਪਰੰਤ ਦਿੱਲੀ ਦੇ ਹਵਾਈ ਅੱਡੇ ਤੋਂ ਬੰਗਲੋਰ ਲਈ ਰਵਾਨਾ ਹੋਏ।

**--ਹਰਪਾਲ ਸਿੰਘ**

# ਦਿੱਲੀ ਦੇ ਨਾਮਧਾਰੀ ਗੁਰਸਿੱਖਾਂ ਦੀ ਬ੍ਰਿੰਦਾਬਨ ਯਾਤਰਾ



**ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਪ੍ਰਧਾਨ ਸਾਧਾ ਸਿੰਘ ਦੀ ਅਗਵਾਈ ਹੇਠ ਨਾਮਧਾਰੀ ਸੰਗਤ ਬ੍ਰਿੰਦਾਬਨ ਵਿਖੇ ਦਿਵਾਨ ਸਜਾਉਂਦੀ ਹੋਈ।**

ਨਾਮਧਾਰੀ ਸਮਾਜ ਜਿਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਸਤਿਗੁਰੂ ਸਾਹਿਬਾਨਾਂ ਦਾ ਮੰਨਣ ਕਰਦਾ, ਪੂਰੀ ਭਾਵਨਾ ਸ਼ਰਧਾ ਨਾਲ ਗੁਣਗਾਨ ਕਰਦਾ ਹੈ, ਉਥੇ ਗੁਰਬਾਣੀ ਅਨੁਸਾਰ ਭਗਵਾਨ ਰਾਮ ਚੰਦਰ, ਕ੍ਰਿਸ਼ਨ ਜੀ ਤੇ ਵੀ ਭਾਵਨਾ ਆਸਥਾ ਰਖਦਾ ਹੈ।

ਇਸੇ ਆਸ਼ੇ ਅਨੁਸਾਰ ਪ੍ਰਧਾਨ ਸਾਧਾ ਸਿੰਘ ਨੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਬੇਨਤੀ ਕਰਕੇ ਭਗਵਾਨ ਕ੍ਰਿਸ਼ਨ ਜੀ ਦੇ ਧਾਮਾਂ ਦੀ ਯਾਤਰਾ ਦੀ ਪ੍ਰਵਾਨਗੀ ਲੈ ਕੇ ਇਸ ਯਾਤਰਾ ਦੇ ਇਛੁਕ ਮਾਈ ਭਾਈ ਨੇ ਨਾਮ ਲਿਖ ਲਏ। ਮਿਥੇ ਹੋਏ ਪ੍ਰੋਗਰਾਮ ਅਨੁਸਾਰ 9 ਦਸੰਬਰ 2015 ਨੂੰ ਅੰਮ੍ਰਿਤ ਵੇਲੇ ਕੀਰਤੀ ਨਗਰ ਤੋਂ ਬਸ ਵਿਚ ਬੈਠ ਸਫਰ ਦੀ ਸਫਲਤਾ ਵਾਸਤੇ ਅਰਦਾਸ ਕਰ ਬ੍ਰਿੰਦਾਬਨ ਦੀ ਰਵਾਨਗੀ ਕੀਤੀ। ਸਾਰੀ ਸਾਧ ਸੰਗਤ ਨਾਮ ਜਪ ਰਹੀ ਸੀ, ਕੀਰਤਨੀ ਜਥੇ ਨੇ ਬੜੀ ਮਧੁਰਤਾ ਨਾਲ ਸ਼ਬਦਾਂ ਛਕਿਆਂ ਸਹਿਤ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਰਦਾਸ ਕਰਨ ਉਪਰੰਤ ਬਿਸਕੁਟਾਂ ਦਾ ਪ੍ਰਸ਼ਾਦਿ ਵਰਤਾਇਆ ਗਿਆ। ਬ੍ਰਿੰਦਾਬਨ ਦੇ ਨਜ਼ਦੀਕ ਪਹੁੰਚ ਕੇ ਇਕ ਸਾਫ ਸੁਥਰੀ ਜਗ੍ਹਾ ਤੇ ਸਾਰੀ ਸਾਧ ਸੰਗਤ ਨੇ ਪ੍ਰਧਾਨ ਸਾਧਾ ਸਿੰਘ ਤੇ ਸਹਿਯੋਗੀਆਂ ਵਲੋਂ ਬਣਿਆ ਲੰਗਰ ਛਕ ਕੇ ਬ੍ਰਿੰਦਾਬਨ ਪਹੁੰਚ ਕੀਤੀ। ਸੁਫੈਦ ਬਸਤਰਾਂ ਦੇ ਧਾਰਨੀ ਗਲਾਂ ਵਿਚ ਚਿਟੀਆਂ ਮਾਲਾ ਪਾਈ ਭਗਵਾਨ ਕ੍ਰਿਸ਼ਨ ਜੀ ਦੀ ਸੋਭਾ ਵਿਚ ਢੋਲਕੀ ਛੈਣਿਆਂ ਨਾਲ ਕੀਰਤਨ ਕਰਦੇ ਮੋਤੀ ਝੀਲ ਤੋਂ ਬਾਂਕੇ ਬਿਹਾਰੀ ਮੰਦਰ ਜਾ ਰਹੇ ਸਨ। ਜਿਹਨਾਂ ਦੀ ਫੱਬ ਵੇਖਿਆਂ ਹੀ ਬਣਦੀ ਸੀ। ਉਥੋਂ ਦੇ ਬਾਸ਼ਿੰਦੇ ਇਸ ਨਿਵੇਕਲੀ ਸੰਗਤ ਨੂੰ ਇਕ ਵਖਰੀ ਭਾਵਨਾ ਨਾਲ ਨਿਹਾਰ ਰਹੇ ਸਨ। ਇਸ ਮੰਦਰ ਦੇ ਦਰਸ਼ਨ ਕਰਕੇ ਸਭ ਨਰ ਨਾਰ ਕੀਰਤਨ ਕਰਦੇ ਨਿਧੀ ਬਨ ਪਹੁੰਚੇ। ਉਥੋਂ ਦੇ ਇਕ ਪੰਡਤ ਜੀ ਨੇ ਇਸ ਇਕੱਠ ਦੇ ਨਾਲ ਹੋ ਕੇ ਸਾਰੇ ਨਿਧੀ ਬਨ ਦੇ ਦਰਸ਼ਨ ਕਰਾਏ ਤੇ ਇਥੇ ਹੀ ਸਵਾਮੀ ਹਰੀਦਾਸ ਦੇ ਮੰਦਰ ਵਿਚ ਬੈਠ ਕੇ ਸਾਰੀ ਸੰਗਤ ਤੇ ਹੋਰ ਵੀ ਦਰਸ਼ਨ ਕਰਨ ਵਾਲਿਆਂ ਨੇ ਨਾਮਧਾਰੀ ਜਥੇ ਤੋਂ ਭਾਵ ਪੂਰਤ ਕੀਰਤਨ ਸ੍ਰਵਣ ਕੀਤਾ। ਉਥੋਂ ਦੇ ਪ੍ਰਬੰਧਕਾਂ ਨੇ ਪ੍ਰਭਾਵਤ ਹੋ ਕੇ ਲਾਊਡ ਸਪੀਕਰ ਤੇ ਮਾਈਕ ਜਥੇ ਅਗੇ ਲਿਆ ਰੱਖੇ।

ਇਸ ਤੋਂ ਬਾਅਦ ਬਸ ਵਿਚ ਬੈਠ ਕੇ ਸਭ ਨੇ ਗੋਵਰਧਨ ਪਰਬਤ ਵਲ ਚਾਲੇ ਪਾ ਦਿੱਤੇ। ਗੋਵਰਧਨ ਪਰਬਤ ਦੀ ਮਹਾਨਤਾ ਬਾਰੇ ਜਾਣਕਾਰੀ ਲੈ ਕੇ ਗੁਰੂ ਕੇ ਸੇਵਕ ਸੇਵਕਾਵਾਂ ਨੇ ਰਾਧਾ ਦੀ ਨਗਰੀ ਬਰਸਾਨੇ ਦਾ ਰੁੱਖ ਕੀਤਾ। ਇਥੇ ਮਾਨ ਮੰਦਰ ਜੋ ਬਹੁਤ ਉਚੇ ਪਹਾੜ ਤੇ ਹੈ ਸਾਰੀ ਸੰਗਤ ਪਉੜੀਆਂ ਦੇ ਰਸਤੇ ਮੰਦਰ ਵਿਚ ਪਹੁੰਚ ਕੇ ਉਥੋਂ ਦੇ ਸੰਚਾਲਕ ਮਹਾਤਮਾ ਰਮੇਸ਼ ਜੀ ਨੂੰ ਮਿਲੇ। ਇਸ ਉਚਾਈ ਵਾਲੇ ਅਸਥਾਨ ਤੋਂ ਚਾਰੋਂ ਤਰਫ ਦਾ ਨਜ਼ਾਰਾ ਬਹੁਤ ਰਮਣੀਕ ਲਗਦਾ ਹੈ। ਇਸ ਤੋਂ ਕੁਝ ਦੂਰ ਤੇ ਪਹਾੜੀ ਪਗਡੰਡੀ ਤੇ ਚਲਕੇ ਸਾਰੇ ਰਾਧਾ ਨਿਵਾਸ (ਰਾਧਾ ਅਟਾਰੀ ਮੰਦਰ) ਗਏ। ਇਸ ਵਕਤ ਹਨੇਰਾ ਹੋ ਚੁੱਕਾ ਸੀ, ਸਾਰੀ ਸੰਗਤ ਉਚੇ ਨੀਵੇਂ ਸੰਕਰੇ ਰਸਤੇ ਤੇ ਚਲਦੀ ਹੋਈ ਭੂਤਲ ਤੇ ਆਈ। ਇਥੇ ਗਹਿਬਰ ਬਨਰਾਸ ਮੰਡਪ ਬਹੁਤ ਵਡੇ ਹਾਲ ਵਿਚ ਰਮੇਸ਼ ਜੀ ਤੇ ਸਾਥੀਆਂ ਵਲੋਂ ਭਗਵਾਨ ਕ੍ਰਿਸ਼ਨ ਜੀ ਦੇ ਬੜੀ ਮਸਤੀ ਵਿਚ ਭਜਨ ਗਾਏ ਜਾ ਰਹੇ ਸਨ। ਇਸ ਭਜਨ ਮੰਡਲੀ ਵਿਚ ਛੋਟੀਆਂ ਬੱਚੀਆਂ ਤੇ ਕੁਝ ਉਮਰ ਕਰਕੇ ਸਿਆਣੀਆਂ ਤੇ ਛੋਟੇ ਬੱਚੇ ਇਕ ਦੋ ਬਜ਼ੁਰਗ ਬੜੀ ਮਸਤੀ ਵਿਚ ਗੁਆਚੇ ਦੁਨੀਆਂ ਤੋਂ ਬੇਖਬਰ ਬੜੀ ਸੁੰਦਰਤਾ ਨਾਲ ਭਗਵਾਨ ਕ੍ਰਿਸ਼ਨ ਜੀ ਵਿਚ ਓਤ ਪਰੋਤ ਹੋਏ ਨਿਰਤਕਾਰੀ ਕਰ ਰਹੇ ਸਨ।

ਇਕ ਘੰਟੇ ਦੇ ਕਰੀਬ ਇਹ ਪ੍ਰੇਮਾ ਭਗਤੀ ਭਾਵਨਾ ਵਾਲਾ ਕੀਰਤਨ ਸੁਣਕੇ ਵਾਪਸੀ ਵਾਸਤੇ ਸਾਰੇ ਬਸ ਕੋਲ ਪਹੁੰਚ ਗਏ। ਇਤਨੇ ਨੂੰ ਕੀਰਤਨ ਦੀ ਸਮਾਪਤੀ ਹੋ ਗਈ। ਉਹ ਨਿਰਤਕਾਰੀ ਕਰਨ ਵਾਲੇ ਬੱਚੇ ਬਚੀਆਂ ਸਾਡੇ ਨਜ਼ਦੀਕ ਹੀ ਕਤਾਰ ਬਧ ਖੜੇ ਹੋ ਗਏ, ਥੋੜੀ ਦੇਰ ਬਾਅਦ ਰਮੇਸ਼ ਬਾਬਾ ਜੀ ਆਪਣੀ ਆਰਾਮਗਾਹ ਵੱਲ ਜਾਣ ਲਈ ਕਾਰ ਵਿਚ ਬੈਠੇ ਦਿਖੇ। ਕਾਰ ਬਹੁਤ ਧੀਮੀ ਗਤੀ ਵਿਚ ਚਲ ਰਹੀ ਸੀ, ਲਾਈਨ ਵਿਚ ਖਲੋਤੇ ਬਚੇ ਵਾਰੋ ਵਾਰੀ ਸਿਰ ਝੁਕਾਈ ਮਹਾਤਮਾ ਜੀ ਕੋਲੋਂ ਅਸ਼ੀਰਵਾਦ ਲੈ ਰਹੇ ਸਨ ਤੇ ਉਹਨਾਂ ਦੇ ਗੁਰਦੇਵ ਕਾਰ ਵਿਚੋਂ ਹੱਥ ਬਾਹਰ ਕੱਢਕੇ ਹਰ ਬੱਚੇ ਦੇ ਸਿਰ ਪਲੋਸ ਕੇ ਖੁਸ਼ੀਆਂ ਦੇ ਰਹੇ ਸਨ। ਇਹ ਗੁਰੂ ਸ਼ਿਸ਼ ਪ੍ਰੇਮ ਦਾ ਨਜ਼ਾਰਾ ਸੀ। ਰਮੇਸ਼ ਜੀ ਤੋਂ ਇਹਨਾਂ ਬੱਚਿਆਂ ਬਾਬਤ ਜਾਨਣ ਤੇ ਪਤਾ ਲਗਾ ਕਿ ਇਹਨਾਂ ਵਿਚ ਬਹੁਤ ਬੱਚੇ ਲਾਵਾਰਸ ਤੇ ਬੇਘਰ ਹਨ ਤੇ ਕੁਝ ਮਾਪਿਆਂ ਵਲੋਂ ਰਮੇਸ਼ ਜੀ ਨੂੰ ਸਪੁਰਦ ਕੀਤੇ ਹਨ। ਇਹਨਾਂ ਸਭਨਾਂ ਦਾ ਖਾਣਪਾਣ, ਖਰਚ ਖੇਚਲ ਦੁਨਿਆਵੀ ਤੇ ਆਤਮ ਸਿਖਿਆ ਰਮੇਸ਼ ਜੀ ਦੇ ਰਹੇ ਹਨ। ਸਾਰੀ ਸੰਗਤ ਬਸ ਤੇ ਸਵਾਰ ਹੋਕੇ ਸਫਰ ਤੈਅ ਕਰ ਰਾਤ ਦੇ ਸਾਢੇ ਬਾਰਾਂ ਵਜੇ ਦਿੱਲੀ ਆ ਪਹੁੰਚੇ।

**-ਮਨਜੀਤ ਸਿੰਘ ਰਾਗੀ**

# ਮੇਲਾ ਮਾਘੀ ਮੁਕਤਸਰ ਸਾਹਿਬ...(ਬਾਕੀ ਸਫਾ 1 ਦੀ)

ਅੰਤ ਵਿਚ ਸੂਬਾ ਸਰਬਜੀਤ ਸਿੰਘ ਜੰਡਵਾਲ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ ਅਤੇ ਅਰਜ਼ ਕੀਤੀ ਕਿ ਸ੍ਰੀ ਸਤਿਗੁਰੂ ਜੀ ਅਗੇ ਵਾਸਤੇ ਇਸ ਤਰ੍ਹਾਂ ਇਲਾਕੇ ਨੂੰ ਨਿਵਾਜਦੇ ਰਹਿਣ। ਸਾਧ ਸੰਗਤ ਵਲੋਂ ਸੇਵਾ ਵਿਚ ਯੋਗਦਾਨ ਪਾਉਣ ਵਾਲੇ ਬਜ਼ੁਰਗਾਂ ਜਿਹਨਾਂ ਵਿਚ ਸੰਤ ਗੁਰਦਿਆਲ ਸਿੰਘ ਜੰਡਵਾਲਾ, ਸੰਤ ਸਰਮੁਖ ਸਿੰਘ ਦੂਹੇਵਾਲ, ਸੂਬਾ ਜਗੀਰ ਸਿੰਘ, ਅਤੇ ਸੰਤ ਅਜਮੇਰ ਸਿੰਘ ਮਸਤਾਨਾ ਨੂੰ ਸ੍ਰੀ ਸਤਿਗੁਰੂ ਜੀ ਦੇ ਪਾਵਨ ਕਰ ਕਮਲਾਂ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਸ੍ਰੀ ਸਤਿਗੁਰੂ ਜੀ ਮੁਕਤਸਰ ਤੋਂ ਰਵਾਨਗੀ ਕਰਦੇ ਹੋਏ ਫਰੀਦਕੋਟ ਵਿਖੇ ਡਾ. ਅਮਰਜੀਤ ਸਿੰਘ ਕੂਕਾ, ਡਾ. ਪੁਸ਼ਪਿੰਦਰ ਸਿੰਘ ਕੂਕਾ ਦੇ ਗ੍ਰਿਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਰਸਤੇ ਵਿਚ ਹੀ ਕੋਟਕਪੂਰੇ ਸ. ਸੁਖਵਿੰਦਰ ਸਿੰਘ, ਭੁਪਿੰਦਰ ਸਿੰਘ ਪੁੱਤਰ ਸ. ਕੁੰਦਨ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਤਖਤੂਪੁਰੇ ਦੇ ਮੇਲੇ ਤੇ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਚਾਲੇ ਪਾ ਦਿੱਤੇ।

**-ਸੂਬਾ ਬਲਵਿੰਦਰ ਸਿੰਘ ਝੱਲ**

# ਤਖਤੂਪੁਰੇ ਮੇਲੇ ਵਿਖੇ
# ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਪਾਵਨ ਦਰਸ਼ਨ


ਪੰਜਾਬ ਦੇ ਮੋਗਾ ਜ਼ਿਲੇ ਨਾਲ ਸੰਬੰਧਤ ਪਿੰਡ ਤਖਤੂਪੁਰੇ ਦੀ ਧਰਤੀ ਨੂੰ ਇਹ ਮਾਣ ਹਾਸਿਲ ਹੈ ਕਿ ਇਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੀ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਫੇਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਅਤੇ ਜੁੱਗ ਪਲਟਾਊ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਚਰਨ ਪਾਉਣ ਦੀ ਕਿਰਪਾ ਤਖਤੂਪੁਰੇ ਕੀਤੀ। ਸਤਿਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਮੇਲਾ ਮਾਘੀ ਮੁਕਤਸਰ ਤੋਂ ਵਾਪਸੀ ਸਮੇਂ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਵਾਜਦੇ ਰਹੇ।

14 ਜਨਵਰੀ ਦਿਨ ਵੀਰਵਾਰ 2016 ਨੂੰ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਾਧ ਸੰਗਤ ਦੀ ਅਰਜ਼ ਪ੍ਰਵਾਨ ਕਰਦੇ ਹੋਏ ਤਖਤੂਪੁਰੇ ਨਾਮਧਾਰੀ ਧਰਮਸ਼ਾਲਾ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਲਾਕਾ ਨਿਵਾਸੀ ਸਾਧ ਸੰਗਤ ਹਰ ਸਾਲ ਇਥੇ ਮੇਲਾ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਰਦੀ ਹੈ। ਸੰਤ ਸਮਿੰਦਰ ਸਿੰਘ ਅਤੇ ਸੰਤ ਜੋਰਾ ਸਿੰਘ ਹਿੰਮਤਪੁਰੇ ਵਾਲਿਆਂ ਦੀ ਅਗਵਾਈ ਵਿਚ ਇਹ ਮੇਲਾ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਦੇ ਦਿਵਾਨ ਵਿਚ ਦਰਸ਼ਨ ਦੇਣ ਸਮੇਂ ਕਵੀਸਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਸਾਥੀਆਂ ਸਮੇਤ ਕਵੀਸਰੀ ਪ੍ਰਸੰਗ ਸਾਧ ਸੰਗਤ ਨੂੰ ਸਰਵਣ ਕਰਵਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਤੇ ਸਾਧ ਸੰਗਤ ਨੇ ਕਤਾਰਾਂ ਵਿਚ ਆਪੋ ਆਪਣੀ ਵਾਰੀ ਅਨੁਸਾਰ ਭੇਟ ਧਰ ਨਮਸਕਾਰ ਕੀਤੀ।

ਇਥੇ ਹੀ ਸੰਤ ਜੋਰਾ ਸਿੰਘ ਹਿੰਮਤਪੁਰੇ ਵਾਲਿਆਂ ਦੀ ਅਰਜ਼ ਪ੍ਰਵਾਨ ਕਰਦੇ ਹੋਏ ਦਿਵਾਨ ਸਮਾਪਤੀ ਤੋਂ ਬਾਅਦ ਤਖਤੂਪੁਰੇ ਨਾਮਧਾਰੀ ਧਰਮਸ਼ਾਲਾ ਵਿਖੇ, ਸੈਂਡ ਦੀ ਸੇਵਾ ਕਰਨ ਵਾਲੇ ਭਗਵਾਨ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਤਖਤੂਪੁਰਾ ਨੂੰ, ਮਹੰਤ ਪ੍ਰਤਾਪ ਸਿੰਘ ਅਤੇ ਸ. ਇਕਬਾਲ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਰ ਕਮਲਾਂ ਦੁਆਰਾ ਸਨਮਾਨਿਤ ਕੀਤਾ। ਹਿੰਮਤਪੁਰੇ ਸੰਤ ਕਰਮ ਸਿੰਘ ਨਾਮਧਾਰੀ ਦੀ ਯਾਦ ਵਿਚ ਬਣੇ ਅਸਥਾਨ ਤੇ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੇ ਸਿੱਖਾਂ ਸੇਵਕਾਂ ਸਹਿਤ ਚਾਲੇ ਪਾਏ। ਸ੍ਰੀ ਸਤਿਗੁਰੂ ਜੀ ਹਿੰਮਤਪੁਰੇ ਦਰਸ਼ਨ ਦੇਣ ਬਾਅਦ ਸ਼ਾਮ ਤਕ ਵਾਪਿਸ ਸ੍ਰੀ ਭੈਣੀ ਸਾਹਿਬ ਆਣ ਪਧਾਰੇ।

**-ਸੂਬਾ ਬਲਵਿੰਦਰ ਸਿੰਘ ਝੱਲ**

# ਪਿਛੈ ਕੀਰਤਨੁ ਕਰਿਅਹੁ ਨਿਰਬਾਣੁ



● **ਗੁਰਦਾਸਪੁਰ**-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਿਦਕੀ ਸਿੱਖ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨ ਸੇਵਕ **ਸੰਤ ਚੈਨ ਸਿੰਘ** ਪ੍ਰਧਾਨ ਨਾਮਧਾਰੀ ਸਾਧ ਸੰਗਤ ਕਲਾਨੌਰ ਸਤਿਗੁਰੂ ਜੀ ਦੀ ਬਖਸ਼ੀ ਸਵਾਸਾਂ ਦੀ ਪੂੰਜੀ ਪੂਰੀ ਕਰਦੇ ਹੋਏ 29 ਦਸੰਬਰ 2015 ਦਿਨ ਮੰਗਲਵਾਰ 4 ਵਜੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਦੇ ਨਮਿਤ ਭੋਗ ਦਾ ਮੇਲਾ 12 ਜਨਵਰੀ 2016 ਮਨਾਇਆ ਗਿਆ। 1 ਸਧਾਰਨ ਪਾਠ ਦੇ ਭੋਗ ਤੋਂ ਬਾਅਦ ਜਥੇਦਾਰ ਸੁਰਜੀਤ ਸਿੰਘ ਨੇ ਦਿਵਾਨ ਸਜਾਇਆ। ਟੇਕ ਸੀ- ਸਾਧੋ ਰਚਨਾ ਰਾਮ ਬਨਾਈ।। ਉਹਨਾਂ ਤੋਂ ਬਾਅਦ ਸੂਬਾ ਅਜੀਤ ਸਿੰਘ ਨੇ ਦਿਵਾਨ ਸਜਾਇਆ।

ਬਿਕਰਮਜੀਤ ਸਿੰਘ ਤੇ ਜੋਗਿੰਦਰ ਸਿੰਘ ਜੋਗੀ ਹੁਰਾਂ ਵੀ ਹਾਜ਼ਰੀ ਲਵਾਈ। ਵਿਦਿਅਕ ਜਥੇ ਦੇ ਸੇਵਾਦਾਰ ਡੇਰਾ ਬਾਬਾ ਨਾਨਕ ਤੇ ਇਲਾਕੇ ਦੇ ਪਤਵੰਤੇ ਸੱਜਣਾਂ ਨੇ ਵੀ ਹਾਜ਼ਰੀ ਭਰੀ। ਸੰਤ ਜੀ ਦਾ ਪਿਛਲਾ ਪਿੰਡ ਮੱਲ ਜ਼ਿਲਾ ਸਿਆਲਕੋਟ ਸੀ। ਸੰਤਾਂ ਦੇ ਦੋ ਪੁੱਤਰ ਤੇ ਚਾਰ ਪੁੱਤਰੀਆਂ ਹਨ। ਪਰਿਵਾਰ ਵਲੋਂ ਆਈ ਹੋਈ ਸਾਧ ਸੰਗਤ ਦੀ ਸੇਵਾ ਬੜੇ ਪ੍ਰੇਮ ਨਾਲ ਕੀਤੀ ਗਈ।

**ਪ੍ਰਧਾਨ ਸੰਤ ਨਾਨਕ ਸਿੰਘ**

● ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੀਤਵਾਨ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਚਰਨਾਂ ਦੇ ਭੌਰੇ **ਮਾਤਾ ਲਾਜਵੰਤੀ ਕੌਰ** ਕੁਝ ਦਿਨ ਬਿਮਾਰ ਰਹਿਣ ਤੋਂ ਬਾਅਦ ਦਿਨ ਮੰਗਲਵਾਰ 22 ਦਸੰਬਰ 2015 ਸ਼ਾਮ ਨੂੰ 4.40 ਤੇ ਆਪਣੇ ਸਵਾਸ ਪੂਰੇ ਕਰ ਗਏ। ਉਹਨਾਂ ਦੀ ਉਮਰ 90 ਤੋਂ ਕੁਝ ਉਪਰ ਸੀ। ਉਹਨਾਂ ਦਾ ਸਸਕਾਰ ਸ਼ਾਮ ਨੂੰ 4 ਵਜੇ ਜ਼ਿਲਾ ਛੱਤਰਪੁਰ (ਐਮ. ਪੀ.) ਵਿਚ ਕੀਤਾ ਗਿਆ। ਆਪ ਜੀ ਦੇ ਪਤੀ ਸੰਤ ਸੇਵਾ ਸਿੰਘ ਗੁਲਾਟੀ ਸੰਨ 1991 ਨੂੰ ਵਿਛੋੜਾ ਦੇ ਗਏ ਸਨ। ਇਹਨਾਂ ਦਾ ਪਰਿਵਾਰ ਪੂਰੀ ਤਰ੍ਹਾਂ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਿਆ ਪਰਿਵਾਰ ਹੈ ਸੰਨ 1985 ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੌਰਾ ਇਹਨਾਂ ਵੱਲ ਸੀ। ਇਹਨਾਂ ਦੇ ਫਾਰਮ ਅਤੇ ਗ੍ਰਿਹਿ ਵਿਖੇ ਸਤਿਗੁਰੂ ਜੀ ਅਤੇ ਸਾਧ ਸੰਗਤ ਨੇ ਚਰਨ ਪਾਏ ਸਨ। ਇਹਨਾਂ ਨਮਿਤ ਰਖੇ ਸਧਾਰਨ ਪਾਠ ਦਾ ਭੋਗ 27 ਦਸੰਬਰ 2015 ਦਿਨ ਐਤਵਾਰ ਨੂੰ 12 ਵਜੇ ਤੋਂ 2 ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਛੱਤਰਪੁਰ ਵਿਖੇ ਪਾਇਆ ਗਿਆ। ਰਾਗੀਆਂ ਦੇ ਕੀਰਤਨ ਤੋਂ ਬਾਅਦ ਇਹਨਾਂ ਦੇ ਭਰਾ ਸੰਤ ਗੁਰਮੁਖ ਸਿੰਘ ਅਨੇਜਾ (ਦਿੱਲੀ ਤੋਂ) ਕਵੀ ਜੀ ਨੇ ਕਵਿਤਾ ਰਾਹੀਂ ਮਾਤਾ ਜੀ ਨੂੰ ਸ਼ਰਧਾਂਜਲੀ ਦਿੱਤੀ। ਭੋਗ ਅਤੇ ਅੰਤਿਮ ਅਰਦਾਸ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਬਹੁਤ ਵੱਡਾ ਇਕੱਠ ਸੀ। ਇਸ ਤੋਂ ਪਤਾ ਲਗਦਾ ਹੈ ਕਿ ਇਹਨਾਂ ਦੇ ਪਰਿਵਾਰ ਦਾ ਕਿਤਨਾ ਰਸੂਖ (ਮੇਲਜੋਲ) ਹੈ। ਬਾਅਦ ਵਿਚ ਉਥੋਂ ਦੇ ਸਕੱਤਰ ਨੇ ਵੀ ਮਾਤਾ ਜੀ ਅਤੇ ਇਸ ਪਰਿਵਾਰ ਬਾਰੇ ਬੜੇ ਸੁਚੱਜੇ ਸ਼ਬਦਾਂ ਵਿਚ ਵੇਰਵੇ ਨਾਲ ਦੱਸਿਆ। ਭੋਗ ਉਪਰੰਤ ਸਾਰਿਆਂ ਨੂੰ ਲੰਗਰ ਛਕਾਇਆ ਗਿਆ।

ਸਵਰਗੀ ਸੰਤ ਸੇਵਾ ਸਿੰਘ ਗੁਲਾਟੀ ਪਰਿਵਾਰ ਸਮੇਤ ਪਾਕਿਸਤਾਨ ਦੀ ਵੰਡ ਸਮੇਂ ਇਥੇ ਹੀ ਆਣ ਵੱਸੇ ਸਨ। ਦਾਣਾ ਪਾਣੀ ਸਿੱਧਾ ਹੀ ਇਥੇ ਖਿੱਚ ਲਿਆਇਆ। 1947 ਤੋਂ ਲੈ ਕੇ ਅੱਜ ਤਕ ਇਕੱਲਾ ਹੀ ਘਰ ਨਾਮਧਾਰੀਆਂ ਦਾ ਹੈ। ਮਿੱਠਾ ਅਤੇ ਮਿਲਾਪੜਾ ਸੁਭਾਅ ਹੋਣ ਕਰਕੇ ਹੀ ਸਿੰਘ ਸਭਾ ਗੁਰਦੁਆਰੇ ਦੇ ਲਗਭਗ 40 ਵਰ੍ਹੇ ਪ੍ਰਧਾਨ ਰਹੇ। ਇਹ ਗੁਰਦੁਆਰਾ ਇਹਨਾਂ ਦੇ ਘਰ ਦੇ ਸਾਹਮਣੇ ਮੋਹਬਾ ਰੋਡ ਤੇ ਹੈ। 1984 ਵਿਚ ਇਹਨਾਂ ਦਾ ਬਹੁਤ ਨੁਕਸਾਨ ਹੋਇਆ ਸੀ ਪਰ ਬੇਅੰਤ ਪਾਤਸ਼ਾਹ ਜੀ ਬਖਸ਼ਿਸ਼ ਕੀਤੀ ਤੇ ਕਿਹਾ ਕਿ ਤੁਸੀਂ ਹੋਰ ਕਿਤੇ ਨਾ ਜਾਓ, ਇਥੇ ਹੀ ਸਾਰੇ ਸੁਖ ਫਿਰ ਮਿਲ ਜਾਣਗੇ।

ਮਾਤਾ ਜੀ ਆਪਣੇ ਪਿਛੇ 3 ਪੁੱਤਰ, 4 ਧੀਆਂ ਛੱਡ ਕੇ ਗਏ ਹਨ। ਪ੍ਰੋਫੈਸਰ ਹਰਦੀਪ ਸਿੰਘ, ਸੰਤ ਨਰਿੰਦਰ ਸਿੰਘ, ਸੰਤ ਬਲਦੇਵ ਸਿੰਘ, ਬੀਬੀ ਸਤਵੰਤ ਕੌਰ, ਬੀਬੀ ਰਣਜੀਤ ਕੌਰ, ਬੀਬੀ ਪਰਮਜੀਤ ਕੌਰ ਤੇ ਬੀਬੀ ਅਮਰਜੀਤ ਕੌਰ। ਸਾਰੇ ਹੀ ਪੁੱਤਰ ਅਤੇ ਪੁੱਤਰੀਆਂ ਘਰ ਪਰਿਵਾਰ ਵਾਲੇ ਹਨ ਅਤੇ ਬਾਲ ਪਰਿਵਾਰ ਵਾਲੇ ਹਨ। ਮਾਤਾ ਜੀ ਵੀ ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਮਾਣਦੇ ਹੋਏ ਗਏ ਹਨ। ਦੋਹਤਰੇ-ਦੋਹਤਰੀਆਂ, ਪੋਤਰੇ ਪੋਤਰੀਆਂ ਨੂੰ ਵਿਆਹ ਕੇ ਗਏ ਹਨ। ਬੜਾ ਹੀ ਹੱਸਮੁੱਖ ਸੁਭਾਅ ਸੀ ਮਾਤਾ ਜੀ ਦਾ, ਮਾਲਾ ਹਰ ਵੇਲੇ ਹੱਥ ਵਿੱਚ ਤੇ ਅੰਦਰ ਸਿਮਰਨ ਵੀ ਚਲਦਾ ਸੀ। ਇਹਨਾ ਦੇ ਫਾਰਮ ਹਾਊਸ, ਟਰਾਂਸਪੋਰਟ ਦਾ ਕੰਮ ਅਤੇ ਮੈਰਿਜ ਹਾਊਸ ਵੀ ਹੈ। ਨੂੰਹਾਂ ਤੇ ਪੁਤਰਾਂ ਨੇ ਆਪਣੇ ਵਲੋਂ ਮਾਤਾ ਜੀ ਦੀ ਰਜਵੀਂ ਸੇਵਾ ਕੀਤੀ ਹੈ। ਗੁਲਾਟੀ ਪਰਿਵਾਰ ਆਪਣੇ ਸਾਰੇ ਰਿਸ਼ਤੇਦਾਰਾਂ ਦਾ ਅਤੇ ਦੂਰੋਂ ਨੇੜਿਓਂ ਆਈ ਸੰਗਤ ਦਾ ਧੰਨਵਾਦ ਕਰਦਾ ਹੈ।

**-ਗੁਰਮੁੱਖ ਸਿੰਘ ਅਨੇਜਾ**

Date of Publication: 27/01/2016, Date of Posting: 28-29/01/2016
Posted at PSO New Delhi-110001
RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕਰਦੇ ਹੋਏ ਸ੍ਰੀ ਸ਼ਿਵ ਚਰਨ ਗੋਇਲ (M.L.A)



ਸ੍ਰੀ ਸਤਿਗੁਰੂ ਜੀ ਨੇ ਰਾਗੀ ਸਾਜਨ ਸਿੰਘ ਨੂੰ ਤਾਰ ਸ਼ਹਿਨਾਈ ਦੇਣ ਦੀ ਕਿਰਪਾ ਕੀਤੀ।



ਅਨੰਦ ਕਾਰਜ ਉਪਰੰਤ ਜਥੇਦਾਰ ਨਿਸ਼ਾਨ ਸਿੰਘ, ਬੀਬੀ ਦਿਲਪ੍ਰੀਤ ਕੌਰ ਦੀ ਆਦਰਸ਼ ਜੋੜੀ ਸ੍ਰੀ ਸਤਿਗੁਰੂ ਜੀ ਪਾਸੋ ਅਸ਼ੀਰਵਾਦ ਪ੍ਰਾਪਤ ਕਰਦੀ ਹੋਈ।



ਸ੍ਰੀ ਸਤਿਗੁਰੂ ਜੀ ਵਲੋਂ ਸੰਤ ਗੁਰਦਿਆਲ ਸਿੰਘ (ਲੱਕੀ) ਦੇ ਗ੍ਰਹਿ ਚਰਨ ਪਾਉਣ ਸਮੇਂ ਪਰਵਾਰ ਨਤਮਸਤਕ ਹੁੰਦਾ ਹੋਇਆ।




ਸ੍ਰੀ ਸਤਿਗੁਰੂ ਉਦੈ ਸਿੰਘ ਜੀ ਪਾਸੋਂ ਬਖ਼ਸ਼ਸ਼ ਪ੍ਰਾਪਤ ਕਰਦੇ ਸੰਤ ਬਲਬੀਰ ਸਿੰਘ, ਜੋ ਕਿ ਪਿਛਲੇ ਦਿਨੀ ਬਾਲ-ਬਾਲਿਕਾ ਨਗਰ ਨਿਗਮ ਪ੍ਰਿਥੀ ਪਾਰਕ (ਦੱਖਣ) ਦਿੱਲੀ ਸਕੂਲ ਦੇ ਚੇਅਰਮੈਨ ਚੁਣੇ ਗਏ ਸਨ।



ਬ੍ਰਿੰਦਾਬਨ (ਮਥੁਰਾ) ਦੌਰੇ ਸਮੇਂ ਸਾਧ ਸੰਗਤ ਪ੍ਰਧਾਨ ਸਾਧਾ ਸਿੰਘ ਨਾਲ ਗੋਵਰਧਨ ਪਰਬਤ ਤੇ ਬਣੇ ਸ਼ਰਨਾ ਨੰਦ ਮੰਦਰ ਵਿੱਚ ਦਰਸ਼ਨ ਕਰਨ ਸਮੇਂ।



ਸੰਤ ਗਿਆਨ ਸਿੰਘ ਚੀਮਾ ਰਾਏਪੁਰ (ਛਤੀਸਗੜ੍ਹ) ਵਿਖੇ ਹੋਏ ਨੈਸ਼ਨਲ ਯੂਥ ਫੈਸਟੀਵਲ ਮ੍ਰਿਦੰਗਮ ਕੈਟਗਿਰੀ ਵਿੱਚ ਨੈਸ਼ਨਲ ਵਿਨਰ ਹੋ ਕੇ ਮੁੱਖ ਮੰਤਰੀ ਡਾ. ਰਮਨ ਸਿੰਘ ਵਲੋਂ ਸਨਮਾਨਿਤ ਹੁੰਦੇ ਹੋਏ।



ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖ਼ਸ਼ਸ਼ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ ਦਿੱਲੀ ਯੂਨੀਵਰਸਿਟੀ ਦੇ ਇਲੈਕਸ਼ਨ ਚੋਂ Central Council (SOI) ਦੀ ਸੀਟ ਤੇ ਜੇਤੂ ਬੀਬੀ ਹਰਨਾਮ ਕੌਰ ਸਪੁੱਤਰੀ ਸੰਤ ਹਰਵਿੰਦਰ ਸਿੰਘ (ਵਿੱਕੀ)।

Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਨ ਦਾ ਸਮਾਂ-ਸਵੇਰੇ 7.12 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 5.57 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.41 of 28 January 2016